



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ


ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।



ਮੁੱਖ ਸੰਪਾਦਕ
ਸਰਬਜੋਤ ਸਿੰਘ ਖਾਲਸਾ


ਮੁੱਖ ਸੰਪਾਦਕ ਸਰਬਜੋਤ ਸਿੰਘ ਖਾਲਸਾ www.fatehtimesmedia.com Email- fatehtimes1699@gmail.com

ਰਜਿ ਨੰ : ਪੀ ਬੀ 22000167 ਫਤਿਹਾਬਾਦ , ਸੋਮਵਾਰ 24 ਫਰਵਰੀ 2025, ਨਾਨਕਸ਼ਾਹੀ 13 ਫੱਗਣ , ਸੰਮਤ 556 ਸਾਲ: 4, ਅੰਕ 22, ਪੰਨੇ: 4


## ਪੰਜਾਬ ਦੇ 7 ਜ਼ਿਲ੍ਹਿਆਂ ਨੂੰ ਮਿਲੀ ਖ਼ਾਸ ਸੌਗਾਤ, ਮੁੱਖ ਮੰਤਰੀ ਮਾਨ ਨੇ ਦਿੱਤਾ ਕਰੋੜਾਂ ਦਾ ਤੋਹਫ਼ਾ



ਚੰਡੀਗੜ੍ਹ, 23 ਫ਼ਰਵਰੀ : ਸੂਬੇ ਦੇ ਸ਼ਹਿਰਾਂ ਦੀ ਸਾਫ ਸਫਾਈ ਤੇ ਸੀਵਰੇਜ ਦੀ ਸੁਚੱਜੀ ਵਿਵਸਥਾ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਨੂੰ 7 ਜ਼ਿਲ੍ਹਿਆਂ ਵਿਚ ਸੀਵਰੇਜ ਲਾਈਨਾਂ ਦੀ ਸਫਾਈ ਬਿਹਤਰ ਢੰਗ ਨਾਲ ਕਰਨ ਲਈ ਸੁਪਰ ਸੰਕਸ਼ਨ-ਕਮ-ਜੈਟਿੰਗ ਮਸ਼ੀਨ ਸਮੇਤ 216 ਅਤਿ ਆਧੁਨਿਕ ਮਸ਼ੀਨਾਂ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ। ਇਸ ਉਪਰੰਤ ਇੱਥੇ ਰਣਬੀਰ ਕਾਲਜ ਵਿਖੇ ਆਪਣੇ ਸੰਬੋਧਨ 'ਚ ਮੁੱਖ ਮੰਤਰੀ ਨੇ ਦੱਸਿਆ ਕਿ 7 ਜ਼ਿਲ੍ਹਿਆਂ ਸੰਗਰੂਰ, ਬਰਨਾਲਾ, ਬਠਿੰਡਾ, ਮਾਲੇਰਕੋਟਲਾ, ਮਾਨਸਾ, ਪਟਿਆਲਾ ਅਤੇ ਫ਼ਤਹਿਗੜ੍ਹ ਸਾਹਿਬ 'ਚ ਸਫਾਈ ਲਈ 14.30 ਕਰੋੜ ਰੁਪਏ ਦੀ ਲਾਗਤ ਨਾਲ ਮਸ਼ੀਨਰੀ ਖਰੀਦੀ ਗਈ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਸਫ਼ਾਈ ਸਹੂਲਤਾਂ ਲਈ 40 ਕਰੋੜ ਰੁਪਏ ਦੀ ਲਾਗਤ ਨਾਲ 730 ਮਸ਼ੀਨਾਂ ਖਰੀਦੀਆਂ ਗਈਆਂ ਹਨ। ਵੱਖ-ਵੱਖ ਸ਼ਹਿਰਾਂ ਲਈ ਇਹ ਅਤਿ ਆਧੁਨਿਕ ਸੁਪਰ ਸਕਸ਼ਨ-ਕਮ-ਜੈਟਿੰਗ ਮਸ਼ੀਨਰੀ ਖਰੀਦੀ ਗਈ ਹੈ। ਇਹ ਮਸ਼ੀਨਾਂ ਸ਼ਹਿਰਾਂ ਵਿਚ ਸੀਵਰੇਜ ਲਾਈਨਾਂ ਦੀ ਸਫਾਈ ਦਾ ਕੰਮ ਕਰਨ ਵਿਚ ਬਹੁਤ ਮਦਦਗਾਰ ਸਾਬਤ ਹੋਣਗੀਆਂ। ਮੁੱਖ ਮੰਤਰੀ ਨੇ ਅੱਗੇ ਦੱਸਿਆ ਕਿ ਸੀਵਰੇਜ ਦੀ ਸਫਾਈ ਲਈ ਨਵੀਆਂ ਮਸ਼ੀਨਾਂ ਆਉਣ ਨਾਲ ਹੁਣ ਸਫਾਈ ਕਰਮੀਆਂ ਨੂੰ ਸੀਵਰੇਜ ਸਾਫ ਕਰ ਲਈ ਮੈਨਹੋਲ 'ਚ ਨਹੀਂ ਉਤਰਨਾ ਪਵੇਗਾ। ਸੰਗਰੂਰ 'ਚ ਮੈਡੀਕਲ ਕਾਲਜ ਦੀ ਸਥਾਪਨਾ ਲਈ ਮੁੱਖ ਮੰਤਰੀ ਨੇ ਦੱਸਿਆ ਕਿ (ਬਾਕੀ ਸਫਾ 2 ਤੇ)

## ਤੇ ਮਿਹਨਤ ਤੁਹਾਡੀ ਸਾਥੀ ਬਣ ਜਾਵੇਗੀ।

### ਸਰਬਜੋਤ ਸਿੰਘ ਖਾਲਸਾ

ਮਨੁੱਖ ਕੁਦਰਤ ਦੀ ਬਣਾਈ ਉਹ ਸ਼ੈਅ ਹੈ ਜੋ ਮਰਿਆਦਾ ਚ ਰਹੇ ਤਾ ਵਿਕਾਸ ਹੁੰਦਾ ਤੇ ਜੇਕਰ ਮਰਿਆਦਾ ਤੋਂ ਬਾਹਰ ਹੋ ਜਾਵੇ ਫਿਰ ਵਿਨਾਸ਼ ਹੀ ਹੁੰਦਾ । ਇਨਸਾਨ ਆਪਣੀ ਜਿੰਦਗੀ ਵਿਚ ਕੁਝ ਨਾ ਕੁਝ ਕਰਨ ਲਈ ਹਮੇਸ਼ਾ ਤਰਲੋ ਮੱਛੀ ਹੁੰਦਾ ਰਹਿੰਦਾ ਹੈ ਪਰ ਜੇਕਰ ਉਸ ਨੇ ਕੋਈ ਟੀਚਾ ਨਹੀ ਮਿੱਥਿਆ ਤਾ ਉਸ ਦੀ ਸਾਰੀ ਘਾਲਣਾ ਵਿਅਰਥ ਚਲੇ ਜਾਂਦੀ ਹੈ ਕਿਉ ਕਿ ਉਸ ਨੇ ਕੋਈ ਟੀਚਾ ਨਹੀ ਮਿੱਥਿਆ ਹੁੰਦਾ । ਮੰਜਿਲਾਂ ਭਾਵੇਂ ਜਿੰਨੀਆਂ ਮਰਜੀ ਉੱਚੀਆਂ ਹੋਣ ਪਰ ਰਸਤੇ ਤਾਂ ਹਮੇਸ਼ਾਂ ਪੈਰਾਂ ਥੱਲੇ ਹੁੰਦੇ ਨੇ। ਇਨਸਾਨ ਮਿਹਨਤ ਕਰਕੇ ਕਿਸੇ ਵੀ ਟੀਚੇ ਨੂੰ ਹਾਸਲ ਕਰ ਸਕਦਾ ਹੈ ਹਾਂ ਉਸ ਇਨਸਾਨ ਵਲੋਂ ਆਪਣੇ ਟੀਚੇ ਦੀ ਪ੍ਰਾਪਤੀ ਤੱਕ ਸਖਤ ਮਿਹਨਤ ਕਰਦੇ ਰਹਿਣ ਦੀ ਲੋੜ ਹੁੰਦੀ ਹੈ । ਇਸ ਲਈ ਜਿੰਦਗੀ ਨੂੰ ਇਕੱਲਾ ਸਮਾਂ ਲੰਗਾਉਣ ਲਈ ਨਹੀ ਇਕ ਟੀਚਾ ਮਿੱਥ ਕੇ ਜੀਓ ਤਾ ਫਿਰ ਮਿਹਨਤ ਹਮੇਸ਼ਾ ਤੁਹਾਡਾ ਸਾਥੀ ਬਣ ਕੇ ਨਾਲ ਰਹੇਗੀ ।

## ਪੰਜਾਬ ਕਾਂਗਰਸ ਦੇ 65 ਪ੍ਰਧਾਨਾਂ 'ਤੇ ਡਿੱਗੀ ਗਾਜ, ਨੋਟਿਸ ਹੋਏ ਜਾਰੀ



ਜਲੰਧਰ, 23 ਫਰਵਰੀ : ਰਾਹੁਲ ਗਾਂਧੀ ਵੱਲੋਂ ਯੂਥ ਕਾਂਗਰਸ ਵਿਚ ਜਥੇਬੰਦਕ ਚੋਣਾਂ ਦੇ ਸ਼ੁਰੂ ਕੀਤੇ ਸਿਲਸਿਲੇ ਦੇ ਨਤੀਜੇ ਅੱਜ ਪੂਰੀ ਤਰ੍ਹਾਂ ਨਾਲ ਹਾਸ਼ੀਏ ਤਕ ਆ ਪਹੁੰਚੇ ਹਨ। ਇਹੀ ਕਾਰਨ ਹੈ ਕਿ ਕਦੀ ਸਿਆਸੀ ਸੁਰਖ਼ੀਆਂ ਵਿਚ ਬਣੀ ਰਹਿਣ ਵਾਲੀ ਯੂਥ ਕਾਂਗਰਸ ਦਾ ਗ੍ਰਾਫ਼ ਲਗਾਤਾਰ ਧਰਾਤਲ 'ਤੇ ਡਿੱਗਦਾ ਜਾ ਰਿਹਾ ਹੈ। ਵੇਖਣ ਵਿਚ ਆਇਆ ਹੈ ਕਿ ਯੂਥ ਕਾਂਗਰਸ ਦੀ ਚੋਣ ਲੜਨ ਦੌਰਾਨ ਧਨ-ਬਲ ਦਾ ਸਹਾਰਾ ਲੈਣ ਵਾਲੇ ਨੌਜਵਾਨ ਚੋਣ ਜਿੱਤ ਹਾਸਲ ਕਰਕੇ ਘਰਾਂ ਵਿਚ ਜਾ ਬੈਠੇ ਹਨ ਅਤੇ ਵਧੇਰੇ ਕਰਕੇ ਯੂਥ ਕਾਂਗਰਸ ਦੇ ਅਹੁਦੇਦਾਰਾਂ ਨੇ ਆਪਣੇ ਅਹੁਦਿਆਂ ਨੂੰ ਸਿਰਫ਼ ਨਿੱਜੀ ਲਾਭ ਉਠਾਉਣ ਤਕ ਸੀਮਤ ਰੱਖਦੇ ਹੋਏ ਪਾਰਟੀ ਦੇ ਪ੍ਰੋਗਰਾਮਾਂ ਤੋਂ ਪੂਰੀ ਤਰ੍ਹਾਂ ਕਿਨਾਰਾ ਕੀਤਾ ਹੋਇਆ ਹੈ।ਪਰ ਹਾਸ਼ੀਏ 'ਤੇ ਪਹੁੰਚ ਚੁੱਕੀ ਯੂਥ ਕਾਂਗਰਸ ਦਾ ਸੰਗਠਨ ਪੰਜਾਬ ਵਿਚ ਕਿੰਨਾ ਖੋਖਲਾ ਹੋ ਚੁੱਕਾ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਬੀਤੀ 20 ਫਰਵਰੀ ਨੂੰ ਪੰਜਾਬ ਯੂਥ ਕਾਂਗਰਸ ਵੱਲੋਂ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਉਦੈ ਭਾਨੂ ਚਿੱਬ ਦੀ ਚੰਡੀਗੜ੍ਹ ਵਿਚ ਪਹਿਲੀ ਸੂਬਾਈ ਕਾਰਜਕਾਰਨੀ ਦੀ ਮੀਟਿੰਗ ਵਿਚ ਸੂਬੇ ਦੇ 117 ਵਿਧਾਨ ਸਭਾ ਹਲਕਿਆਂ ਵਿਚੋਂ 65 ਹਲਕਾ ਪ੍ਰਧਾਨ, ਜਿਨ੍ਹਾਂ ਵਿਚ 2 ਵਿਧਾਨ ਸਭਾ ਹਲਕਿਆਂ ਦੇ ਮੀਤ ਪ੍ਰਧਾਨ ਵੀ ਸ਼ਾਮਲ ਹਨ, ਇਨ੍ਹਾਂ ਵਿਚ ਕੈਂਟ ਵਿਧਾਨ ਸਭਾ ਹਲਕੇ ਦੇ ਪ੍ਰਧਾਨ ਬੌਬ ਮਲਹੋਤਰਾ, ਸੈਂਟਰਲ ਵਿਧਾਨ ਸਭਾ ਹਲਕੇ ਦੇ ਪ੍ਰਧਾਨ ਸ਼ਿਵਮ ਪਾਠਕ ਅਤੇ ਉੱਤਰੀ ਵਿਧਾਨ ਸਭਾ ਹਲਕੇ ਦੇ ਪ੍ਰਧਾਨ ਦਮਨ ਕੁਮਾਰ ਸਮੇਤ 65 ਵਿਧਾਨ ਸਭਾ ਹਲਕਿਆਂ ਦੇ ਪ੍ਰਧਾਨ ਕਾਰਜਕਾਰਨੀ ਦੀ ਮੀਟਿੰਗ ਵਿਚੋਂ ਗੈਰ-ਹਾਜ਼ਰ ਰਹੇ। ਇਸੇ ਕਾਰਨ ਪੰਜਾਬ ਯੂਥ ਕਾਂਗਰਸ ਨੇ ਵੀ ਹੁਣ ਇਕ ਵਾਰ ਫਿਰ ਤੋਂ ਤਲਖ਼ ਤੇਵਰ ਵਿਖਾਉਂਦੇ ਹੋਏ ਸੂਬੇ ਭਰ ਦੇ 65 ਵਿਧਾਨ ਸਭਾ ਹਲਕਿਆਂ ਦੇ ਆਗੂਆਂ ਨੂੰ ਸ਼ੋਅਕਾਜ਼ (ਕਾਰਨ ਦੱਸੋ) ਨੋਟਿਸ ਜਾਰੀ ਕਰਦੇ ਹੋਏ ਉਨ੍ਹਾਂ ਕੋਲੋਂ ਗੈਰ-ਹਾਜ਼ਰ ਰਹਿਣ ਸਬੰਧੀ ਜਵਾਬ ਮੰਗਿਆ ਹੈ। ਰਿਸ਼ੇਂਦਰ ਸਿੰਘ ਮਹਾਰ ਇੰਚਾਰਜ ਪੰਜਾਬ ਯੂਥ ਨੇ ਕਾਂਗਰਸ ਦੇ ਸਾਰੇ ਹਲਕਾ ਪ੍ਰਧਾਨਾਂ ਦੇ ਨਾਂ ਨੋਟਿਸ ਜਾਰੀ ਕਰਦਿਆਂ ਕਿਹਾ ਕਿ ਗੈਰ-ਹਾਜ਼ਰ ਰਹਿਣ ਵਾਲਾ ਹਰੇਕ ਪ੍ਰਧਾਨ 24 ਘੰਟਿਆਂ ਅੰਦਰ ਆਪਣਾ ਜਵਾਬ ਦੇਵੇ। ਉਨ੍ਹਾਂ ਕਿਹਾ (ਬਾਕੀ ਸਫਾ 2 ਤੇ)


LIC ਬੀਮਾ ਸੇਵਾ ਕੇਂਦਰ
ਭਾਰਤੀਯ ਜੀਵਨ ਬੀਮਾ ਨਿਗਮ
LIFE INSURANCE CORPORATION OF INDIA

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ, ਲੜਕੀਆਂ ਲਈ ਕੰਨਿਆਦਾਨ ਪੌਲਸੀ, ਬੁਢਾਪਾ ਪੈਨਸ਼ਨ ਸਕੀਮ,ਮਨੀ ਬੈਂਕ ਪੌਲਸੀ, ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਂਥ ਕਲੇਮ,ਮਚਿਊਰਟੀ ਜਾ ਫਿਰ ਹੋਰ ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖ਼ਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।


## 'ਆਪ' 'ਚ ਸ਼ਾਮਲ ਹੋਈ ਪੰਜਾਬੀ ਅਦਾਕਾਰਾ ਸੋਨੀਆ ਮਾਨ



ਚੰਡੀਗੜ੍ਹ, 23 ਫ਼ਰਵਰੀ : ਅਦਾਕਾਰਾ ਸੋਨੀਆ ਮਾਨ ਅੱਜ ਕਿਸੇ ਵੀ ਪਛਾਣ ਦੀ ਮੋਹਤਾਜ ਨਹੀਂ ਹੈ। ਅਦਾਕਾਰਾ ਆਏ ਦਿਨ ਹੀ ਸੁਰਖ਼ੀਆਂ 'ਚ ਬਣੀ ਰਹਿੰਦੀ ਹੈ। ਹਾਲ ਹੀ 'ਚ ਅਦਾਕਾਰਾ ਨੂੰ ਲੈ ਕੇ ਖ਼ਬਰ ਸਾਹਮਣੇ ਆ ਰਹੀ ਹੈ। ਦੱਸ ਦਈਏ ਕਿ ਸੋਨੀਆ ਮਾਨ ਦੇ 'ਆਪ' ਪਾਰਟੀ 'ਚ ਸ਼ਾਮਲ ਹੋ ਗਈ ਹੈ।

**ਸੋਨੀਆ ਮਾਨ ਦਾ ਸਿਆਸੀ ਸਫ਼ਰ:**

ਸੋਨੀਆ ਮਾਨ ਨੇ ਫਿਲਮ ਇੰਡਸਟਰੀ 'ਚ ਆਪਣੀ ਖਾਸ ਪਛਾਣ ਬਣਾਈ ਹੈ ਅਤੇ ਸਮਾਜਿਕ ਮੁੱਦਿਆਂ 'ਤੇ ਵੀ ਉਹ ਖੁੱਲ੍ਹ ਕੇ ਬੋਲਦੀ ਨਜ਼ਰ ਆਉਂਦੀ ਹੈ। ਉਨ੍ਹਾਂ ਦੇ ਰਾਜਨੀਤੀ 'ਚ ਆਉਣ ਬਾਰੇ ਲੰਬੇ ਸਮੇਂ ਤੋਂ ਚਰਚਾ ਸੀ ਅਤੇ ਹੁਣ ਆਖਰਕਾਰ ਉਨ੍ਹਾਂ ਨੇ 'ਆਪ' ਦੇ ਪਲੇਟਫਾਰਮ ਤੋਂ ਆਪਣੀ ਰਾਜਨੀਤਿਕ ਪਾਰੀ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸ. ਬਲਦੇਵ ਸਿੰਘ ਜੀ ਦੀ ਧੀ ਅਤੇ ਪੰਜਾਬੀ ਅਦਾਕਾਰਾ ਸੋਨੀਆ ਮਾਨ ਨੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ 'ਚ ਸ਼ਮੂਲੀਅਤ ਕੀਤੀ। ਆਮ ਆਦਮੀ ਪਾਰਟੀ ਪਰਿਵਾਰ 'ਚ ਉਨ੍ਹਾਂ ਦਾ ਬਹੁਤ ਸਵਾਗਤ ਹੈ।

## "25 ਫਰਵਰੀ ਜਲੰਧਰ ਮਹਾਂ ਰੈਲੀ" ਵਿੱਚ ਗੁਰਦਾਸਪੁਰ-ਪਠਾਨਕੋਟ ਜਿਲ੍ਹੇ ਤੋਂ ਦੋ ਹਜਾਰ ਲੋਕਾਂ ਦੀ ਸ਼ਮੂਲੀਅਤ ਹੋਵੇਗੀ



ਪਠਾਨਕੋਟ 23 ਫਰਵਰੀ (ਪਵਨ ਸ਼ਰਮਾਂ) ਖੱਬੀਆਂ ਧਿਰਾਂ ਤੇ ਜਮਹੂਰੀਅਤ ਪਸੰਦ ਅਗਾਂਹਵਧੂ ਸੋਚ ਦੇ ਧਾਰਨੀ ਲੋਕਾਂ ਦਾ ਵੱਡਾ ਏਕਾ ਹੀ ਫਿਰਕੂ ਤੇ ਫਾਸ਼ੀਵਾਦੀ ਤਾਕਤਾਂ ਨੂੰ ਆਰਥਿਕ ਤੇ ਵਿਚਾਰਧਾਰਕ ਜਵਾਬ ਦੇਣ ਦੇ ਸਮਰੱਥ ਹੋ ਸਕਦਾ ਹੈ। ਵਿਧਾਨ ਪਾਲਿਕਾ, ਨਿਆਂ ਪਾਲਿਕਾ, ਕਾਰਜ ਪਾਲਿਕਾ ਅਤੇ ਚੌਥੇ ਥੰਮ ਵਜੋਂ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਜਿਸ ਤੇ ਦੇਸ਼ ਵਾਸੀਆਂ ਦਾ ਭਰੋਸਾ ਸੀ ਕਿ ਇਹ ਚਾਰੋਂ ਸੰਸਥਾਵਾਂ ਭਾਰਤੀ ਸਵਿਧਾਨ ਸਾਰਥਕ ਨੂੰ ਰੂਪ ਵਿੱਚ ਲਾਗੂ ਕਰਾਉਣ, ਜਮਹੂਰੀਅਤ ਦੀ ਰਾਖੀ ਲਈ ਅਤੇ ਸਵਿਧਾਨ ਤਹਿਤ ਹਰੇਕ ਨਾਗਰਿਕ ਨੂੰ ਇਨਸਾਫ ਮਿਲੇ ਦੀ ਅਵਾਜ਼ ਬਣਕੇ ਆਪਣਾ ਬਣਦਾ ਫਰਜ਼ ਨਿਭਾਉਣ ਜਾਂ ਯੋਗਦਾਨ ਪਾਉਣਗੀਆਂ। ਮੌਕਾਪ੍ਰਸਤ ਤੇ ਲਾਲਚੀ ਰਾਜਸੀ ਲੋਕਾਂ ਨੇ ਰਾਜਨੀਤੀ ਨੂੰ ਬਦਨਾਮ ਕਰ ਛੱਡਿਆ ਹੈ।ਪਰ ਪਿਛਲੇ ਕੁਝ ਸਾਲਾਂ ਤੋਂ ਲੋਕਾਂ ਦੀ ਉਮੀਦ ਦੇ ਬਿਲਕੁਲ ਉਲਟ ਸਵਿਧਾਨ ਨੂੰ ਖੋਰਾ ਲਾਉਣ ਤੇ ਉਸ ਦੀ ਥਾਂ ਗੈਰ ਬਰਾਬਰੀ ਵਾਲੇ ਦਸਤਾਵੇਜ਼ ਮਨੂੰ ਸਮਰਿਤੀ ਨੂੰ ਸੰਵਿਧਾਨਕ ਰੂਪ ਲਾਗੂ ਕਰਨ ਲਈ ਆਰ ਐੱਸ ਐੱਸ ਅਤੇ ਭਾਜਪਾ ਹਰ ਸੰਭਵ ਕੋਸ਼ਿਸ਼ ਵਿਚ ਲੱਗੀਆਂ ਹੋਈਆਂ ਹਨ। ਨੈਸ਼ਨਲ ਮੀਡੀਆ ਲੋਕਾਂ ਦੀ ਅਵਾਜ਼ ਬਨਣ ਤੋਂ ਲਗਭਗ ਇਨਕਾਰੀ ਹੋ ਗਿਆ ਹੈ। ਨਿਆਂ ਪਾਲਿਕਾ ਦੇ ਤਰਕਹੀਨ ਫੈਸਲਿਆਂ ਅਤੇ ਵੱਖ ਵੱਖ ਕੋਰਟਾਂ ਦੇ ਕੁਝ ਜੱਜਾਂ ਵਲੋਂ ਮਾਣ-ਮਰਿਆਦਾ ਵਾਲੇ ਅਹੁਦਿਆਂ ਤੋਂ ਅਸਤੀਫੇ ਦੇ ਕੇ ਫਿਰਕੂ ਰਾਜਨੀਤੀ ਦਾ ਹਿੱਸਾ ਬਣਕੇ ਲੋਕਾਂ ਦੇ ਭਰੋਸਾ ਨੂੰ ਠੇਸ ਪਹੁੰਚਾਉਣ ਦਾ ਕੰਮ ਕੀਤਾ ਹੈ। ਅਗਾਂਹਵਧੂ ਸੋਚ ਦੇ ਧਾਰਨੀ ਲੋਕਾਂ ਨੂੰ ਸਵਿਧਾਨ ਨੂੰ ਬਚਾਉਣ, ਅਮਰੀਕਾ ਦੀ ਅਗਵਾਈ ਹੇਠ ਸਾਮਰਾਜੀ ਦੇਸ਼ਾਂ ਵਲੋਂ ਕਾਰਪੋਰੇਟ ਘਰਾਣਿਆਂ ਪੱਖੀ ਬਣਾਈਆਂ ਆਰਥਿਕ ਨੀਤੀਆਂ ਨੂੰ ਮੋਦੀ ਸਰਕਾਰ ਅੰਨ੍ਹੇਵਾਹ ਲਾਗੂ ਕਰਕੇ ਭਾਰਤ ਨੂੰ ਵੱਡੇ ਆਰਥਿਕ ਸੰਕਟ ਵੱਲ ਧੱਕ ਰਹੀ ਹੈ, ਆਰ ਐੱਸ ਐੱਸ ਦੀ ਬੀ ਟੀਮ ਕੇਜਰੀਵਾਲ ਪੰਜਾਬ ਦੀ ਭਗਵੰਤ ਮਾਨ ਸਰਕਾਰ ਰਾਹੀਂ ਸੰਘ ਅਤੇ ਭਾਜਪਾ ਦਾ ਹਰੇਕ ਫੈਸਲਾ ਲਾਗੂ ਕਰਨ ਵਿਚ ਪੂਰੀ ਤਰ੍ਹਾਂ ਸਹਿਮਤ ਹੈ।ਆਰ ਐਮ ਪੀ ਆਈ ਦੇ ਜਿਲ੍ਹਾ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ, ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਵਿੱਤ ਸਕੱਤਰ ਮਾਸਟਰ ਸੁਭਾਸ਼ ਸ਼ਰਮਾ ਨੇ ਜਾਰੀ ਲਿਖਤੀ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਦੇਸ਼ ਤੇ ਪੰਜਾਬ ਦੀ ਮਜੌਦਾ ਆਰਥਿਕ, ਸਮਾਜਿਕ, ਵਿਚਾਰਧਾਰਕ ਅਤੇ ਰਾਜਨੀਤਕ ਅਵਸਥਾ ਨੂੰ ਦੇਖਦੇ ਹੋਏ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਪੰਜਾਬ ਰਾਜ ਕਮੇਟੀ ਵੱਲੋਂ "ਸਵਿਧਾਨ ਬਚਾਓ, ਦੇਸ਼ ਬਚਾਓ, ਪੰਜਾਬ ਬਚਾਓ" ਤਹਿਤ 25 ਫਰਵਰੀ 2025 ਨੂੰ ਪੁਡਾ ਗਰਾਊਂਡ ਸਾਹਮਣੇ ਡੀ ਸੀ ਦਫਤਰ ਜਲੰਧਰ ਵਿਖੇ ਮਹਾਂ ਰੈਲੀ ਵਿੱਚ ਗੁਰਦਾਸਪੁਰ ਤੇ ਪਠਾਨਕੋਟ ਜਿਲ੍ਹੇ ਤੋਂ ਦੋ ਹਜਾਰ ਲੋਕਾਂ ਦੀ ਸ਼ਮੂਲੀਅਤ ਕਰਾਉਣ ਹੇਠਾਂ ਤਹਿਸੀਲ ਤੇ ਬਲਾਕ ਪੱਧਰੀ ਤਿਆਰੀ ਮੁਕੰਮਲ ਕਰ ਲਈ ਹੈ। 25 ਫਰਵਰੀ ਦੀ ਇਤਿਹਾਸਕ ਰੈਲੀ ਪੰਜਾਬ ਦੀ ਰਾਜਨੀਤੀ ਵਿੱਚ ਅਹਿਮ ਰੋਲ ਅਦਾ ਕਰੇਗੀ।

ਸਫਾ 1 ਦੀ ਬਾਕੀ

# ਪੰਜਾਬ ਦੇ 7 ਜ਼ਿਲ੍ਹਿਆਂ ਨੂੰ ਮਿਲੀ ਖ਼ਾਸ ਸੌਗਾਤ, ਮੁੱਖ ਮੰਤਰੀ ਮਾਨ ਨੇ ਦਿੱਤਾ ਕਰੋੜਾਂ ਦਾ ਤੋਹਫ਼ਾ

ਫਤਿਹ ਟਾਈਮਜ਼

ਕਿ ਇਸ ਕਾਲਜ ਦੇ ਨਿਰਮਾਣ ਲਈ ਸਾਰੇ ਅੜਿਕੇ ਦੂਰ ਕਰ ਦਿੱਤੇ ਗਏ ਹਨ ਅਤੇ ਛੇਤੀ ਹੀ ਇਹ ਪ੍ਰਾਜੈਕਟ ਸ਼ੁਰੂ ਹੋ ਜਾਵੇਗਾ। ਕੁਝ ਸਵਾਰਥੀ ਲੋਕਾਂ ਨੇ ਆਪਣੇ ਨਿੱਜੀ ਹਿੱਤ ਪੂਰਨ ਲਈ ਇਸ ਕਾਲਜ ਦਾ ਕੰਮ ਰੋਕਣ ਵਿੱਚ ਰੁਕਾਵਟ ਪਾਈ ਸੀ ਜੋ ਸਰਕਾਰ ਦੇ ਯਤਨਾਂ ਸਦਕਾ ਦੂਰ ਕਰ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਸੂਬੇ ’ਚ ਸੰਗਰੂਰ ਸਮੇਤ ਤਿੰਨ ਨਵੇਂ ਮੈਡੀਕਲ ਬਣ ਜਾਣਗੇ, ਜਿਸ ਨਾਲ ਸਾਡੇ ਬੱਚੇ ਇੱਥੇ ਹੀ ਮੈਡੀਕਲ ਦੀ ਪੜ੍ਹਾਈ ਕਰਕੇ ਸਿਹਤ ਖੇਤਰ ਵਿੱਚ ਸੇਵਾ ਨਿਭਾਉਣਗੇ। ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਕੋਚਿੰਗ ਦੇਣ ਲਈ ਪੰਜਾਬ ’ਚ ਅੱਠ ਯੂ.ਪੀ.ਐਸ.ਸੀ. ਕੇਂਦਰ ਖੋਲ਼ਣ ਦਾ ਐਲਾਨ ਕਰਦਿਆਂ ਕਿਹਾ ਕਿ ਇਨ੍ਹਾਂ ’ਚੋਂ ਇਕ ਕੇਂਦਰ ਸੰਗਰੂਰ ਵਿੱਚ ਖੋਲ੍ਹਿਆ ਜਾਵੇਗਾ ਤੇ ਹਰ ਕੇਂਦਰ ’ਚ ਲਾਇਬ੍ਰੇਰੀ, ਹੋਸਟਲ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਮੌਜੂਦ ਰਹਿਣਗੀਆਂ ਤਾਂ ਕਿ ਸਾਡੇ ਨੌਜਵਾਨ ਚੰਗੀ ਸਿਖਲਾਈ ਹਾਸਿਲ ਕਰਕੇ ਮੁਕਾਬਲੇ ਦੀਆਂ ਪ੍ਰੀਖਿਆਵਾਂ ’ਚ ਕਾਮਯਾਬ ਹੋ ਸਕਣ। ਸੰਗਰੂਰ ਜ਼ਿਲ੍ਹੇ ’ਚ ਪਹਿਲ ਪ੍ਰਾਜੈਕਟ ਦੇ ਉਪਰਾਲੇ ਹੇਠ ਔਰਤਾਂ ਨੂੰ ਔਰਤਾਂ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਕਰਨ ਦੇ ਕਦਮ ਦੀ ਸਫਲਤਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਪਿੰਡਾਂ ’ਚ ਹੁਣ ਸਰਕਾਰੀ ਸਕੂਲਾਂ ਦੇ ਨਾਲ-ਨਾਲ ਪ੍ਰਾਈਵੇਟ ਸਕੂਲਾਂ ਦੀਆਂ ਵਰਦੀਆਂ ਵੀ ਔਰਤਾਂ ਵੱਲੋਂ ਤਿਆਰ ਜਾ ਰਹੀਆਂ ਹਨ ਜਿਸ ਨਾਲ ਉਨ੍ਹਾਂ ਨੂੰ ਵਿੱਤੀ ਤੌਰ ’ਤੇ ਬਹੁਤ ਫਾਇਦਾ ਹੋ ਰਿਹਾ ਹੈ। ਸੜਕ ਸੁਰੱਖਿਆ ਫੋਰਸ ਦੇ ਇੱਕ ਸਾਲ ਮੁਕੰਮਲ ਹੋਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਫੋਰਸ ਦੇ ਗਠਨ ਨਾਲ ਸੂਬੇ ਵਿੱਚ ਸੜਕ ਹਾਦਸਿਆਂ ’ਚ ਮੌਤਾਂ ਦੀ ਦਰ ’ਚ ਬਹੁਤ ਕਮੀ ਆਈ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਮੌਤ ਦਰ ’ਚ 48.10 ਫੀਸਦੀ ਦੀ ਕਮੀ ਆਈ ਹੈ। ਉਨ੍ਹਾਂ ਦੱਸਿਆ ਕਿ ਇਸ ਫੋਰਸ ਦਾ ਗਠਨ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਹੈ ਜਿਸ ਕਰਕੇ ਹੋਰ ਸੂਬੇ ਵੀ ਇਸ ਫੋਰਸ ਦੇ ਗਠਨ ਲਈ ਸਾਥੋਂ ਸਲਾਹ ਲੈ ਰਹੇ ਹਨ। ਇਸ ਮੌਕੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾਕਟਰ ਰਵਜੋਤ ਅਤੇ ਵਿਧਾਇਕ ਨਰਿੰਦਰ ਕੌਰ ਭਰਾਜ ਹਾਜ਼ਰ ਸਨ।

ਸਫਾ 1 ਦੀ ਬਾਕੀ

# ਪੰਜਾਬ ਕਾਂਗਰਸ ਦੇ 65 ਪ੍ਰਧਾਨਾਂ 'ਤੇ ਡਿੱਗੀ ਗਾਜ, ਨੋਟਿਸ ਹੋਏ ਜਾਰੀ

ਫਤਿਹ ਟਾਈਮਜ਼

ਅੰਦਰ ਆਪਣਾ ਜਵਾਬ ਦੇਵੇ। ਉਨ੍ਹਾਂ ਕਿਹਾ ਕਿ ਜੇਕਰ ਹਲਕਾ ਪ੍ਰਧਾਨ ਦਾ ਜਵਾਬ ਸੰਤੁਸ਼ਟੀਜਨਕ ਨਾ ਹੋਇਆ ਤਾਂ ਉਸ ਖ਼ਿਲਾਫ਼ ਅਨੁਸ਼ਾਸਨਿਕ ਕਾਰਵਾਈ ਨੂੰ ਅਮਲ ਵਿਚ ਲਿਆਂਦਾ ਜਾਵੇਗਾ, ਜਿਸ ਤਹਿਤ ਪਾਰਟੀ ਦਾ ਅਨੁਸ਼ਾਸਨ ਭੰਗ ਕਰਨ ਵਾਲਿਆਂ ਦੀ ਛਾਂਟੀ ਕ ਕੇ ਨਵੇਂ ਚਿਹਰਿਆਂ ਨੂੰ ਮੌਕਾ ਦਿੱਤਾ ਜਾਵੇਗਾ। ਵਰਣਨਯੋਗ ਹੈ ਕਿ ਅਜਿਹੇ ਕਾਰਨ ਦੱਸੋ ਨੋਟਿਸ ਤਾਂ ਪੰਜਾਬ ਪ੍ਰਦੇਸ਼ ਇੰਚਾਰਜ ਅਤੇ ਯੂਥ ਕਾਂਗਰਸ ਦੇ ਸੂਬਾ ਪ੍ਰਧਾਨ ਵੱਖ-ਵੱਖ ਕਾਰਨਾਂ ਕਰ ਕੇ ਪਹਿਲਾਂ ਵੀ ਕਈ ਵਾਰ ਜਾਰੀ ਕਰ ਚੁੱਕੇ ਹਨ ਪਰ ਕੋਈ ਕਾਰਵਾਈ ਅਮਲ ਵਿਚ ਨਾ ਲਿਆਂਦੇ ਜਾਣ ਦਾ ਹੀ ਨਤੀਜਾ ਹੈ ਕਿ ਯੂਥ ਕਾਂਗਰਸ ਦੇ ਹਰੇਕ ਪੱਧਰ ਦੇ ਅਹੁਦੇਦਾਰਾਂ ਨੂੰ ਇਨ੍ਹਾਂ ਨੋਟਿਸਾਂ ਦੀ ਕੋਈ ਪ੍ਰਵਾਹ ਨਹੀਂ ਰਹਿ ਗਈ ਪਰ ਇਸ ਵਾਰ ਮਾਮਲਾ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਨਾਲ ਜੁੜਿਆ ਹੋਇਆ ਹੈ। ਅਜਿਹੀ ਸਥਿਤੀ ਵਿਚ ਵੇਖਣਾ ਹੋਵੇਗਾ ਕਿ ਆਖਿਰ ਇਹ ਨੋਟਿਸ ਇਕ ਵਾਰ ਫਿਰ ਠੰਢੇ ਬਸਤੇ ਵਿਚ ਪਾ ਦਿੱਤੇ ਜਾਂਦੇ ਹਨ ਜਾਂ ਕਾਗਜ਼ੀ ਅਹੁਦੇਦਾਰਾਂ ਦੀ ਛਾਂਟੀ ਕੀਤੀ ਜਾਂਦੀ ਹੈ। ਇਨ੍ਹਾਂ ਵਿਧਾਨ ਸਭਾ ਹਲਕਿਆਂ ਦੇ ਪ੍ਰਧਾਨਾਂ ਨੂੰ ਜਾਰੀ ਹੋਇਆ ਕਾਰਨ ਦੱਸੋ ਨੋਟਿਸ ਪੰਜਾਬ ਦੇ ਜਿਹੜੇ ਵਿਧਾਨ ਸਭਾ ਹਲਕਿਆਂ ਦੇ ਪ੍ਰਧਾਨਾਂ ਨੂੰ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਦੀ ਪਹਿਲੀ ਕਾਰਜਕਾਰਨੀ ਦੀ ਮੀਟਿੰਗ ਵਿਚੋਂ ਗੈਰ-ਹਾਜ਼ਰ ਰਹਿਣ ਕਰ ਕੇ ਕਾਰਨ ਦੱਸੋ ਨੋਟਿਸ ਜਾਰੀ ਹੋਇਆ ਹੈ, ਉਨ੍ਹਾਂ ਵਿਚ ਹਰਪ੍ਰੀਤ ਸਿੰਘ ਬੱਟੂ ਲੁਧਿਆਣਾ ਕੇਂਦਰੀ, ਅਮਨਿੰਦਰ ਸਿੰਘ ਲੰਬੀ, ਅੰਮ੍ਰਿਤਪਾਲ ਸਿੰਘ ਅੰਮ੍ਰਿਤਸਰ ਦੱਖਣੀ, ਅਨੰਤ ਗਰਗ ਹੁਸ਼ਿਆਰਪੁਰ, ਅੰਕਿਤ ਕੌਸ਼ਲ ਦਸੂਹਾ, ਅੰਸ਼ੂ ਪਠਾਨਕੋਟ, ਅਰੁਣ ਲੁਧਿਆਣਾ ਪੱਛਮੀ, ਅਰੁਣਬੀਰ ਸਿੰਘ ਭੁੱਲਰ ਮਲੋਟ, ਅਵਤਾਰ ਸਿੰਘ ਬਲਾਚੌਰ, ਬਲਰਾਜ ਸਿੰਘ ਖੇਮਕਰਨ, ਬੌਬ ਮਲਹੋਤਰਾ ਜਲੰਧਰ ਕੈਂਟ, ਬੂਟਾ ਸਿੰਘ ਵਾਂਦਰ ਫਰੀਦਕੋਟ, ਚੌਧਰੀ ਅਮਨਦੀਪ ਸਿੰਘ ਸ਼ੁਤਰਾਣਾ, ਦਮਨ ਕੁਮਾਰ ਜਲੰਧਰ ਉੱਤਰੀ, ਗੁਰਬੀਰ ਸਿੰਘ ਮਜੀਠਾ, ਗੁਰਦੀਪ ਸਿੰਘ ਅਮਰਗੜ੍ਹ, ਗੁਰਿੰਦਰ ਸਿੰਘ ਸੁਲਤਾਨਪੁਰ ਲੋਧੀ, ਗੁਰਿੰਦਰ ਸਿੰਘ ਬਾਘਾ ਪੁਰਾਣਾ, ਗੁਰਕੀਰਤ ਸਿੰਘ ਮੌੜ, ਗੁਰਨਾਜ਼ ਸਿੰਘ ਪਾਇਲ, ਗੁਰਵਿੰਦਰ ਸਿੰਘ ਚਮਕੌਰ ਸਾਹਿਬ, ਹਰਦੀਪ ਸਿੰਘ ਗਿੱਲ, ਹਰਮਨਪ੍ਰੀਤ ਸਿੰਘ ਫਗਵਾੜਾ, ਹਰਵਿੰਦਰ ਸਿੰਘ ਗਿੱਲ ਖਡੂਰ ਸਾਹਿਬ, ਜਗਦੀਪ ਸਿੰਘ ਸਮਾਣਾ, ਜਗਤਾਰ ਸਿੰਘ ਬੁਢਲਾਡਾ, ਜਰਨੈਲ ਸਿੰਘ ਭੁੱਲਥ, ਦੁਰਲਭ ਸਿੰਘ ਉੜਮੁੜ, ਕਰਨਬੀਰ ਸਿੰਘ ਫਤਿਹਗੜ੍ਹ ਚੂੜੀਆਂ, ਕੁਲਦੀਪ ਸਿੰਘ ਬਰਾੜ ਬੱਲੂਆਣਾ, ਲਵਪ੍ਰੀਤ ਸਿੰਘ ਭੱਟੀ, ਮਨਦੀਪ ਸਿੰਘ ਤਰਨਤਾਰਨ, ਮਨਦੀਪ ਸਿੰਘ ਪੱਟੀ, ਮਨਦੀਪ ਸਿੰਘ ਗੜ੍ਹਸ਼ੰਕਰ, ਮਨਜਿੰਦਰ ਪਾਲ ਸਿੰਘ ਖਰੜ, ਮਨਪ੍ਰੀਤ ਸਿੰਘ ਭੁੱਚੋ ਮੰਡੀ, ਮੁਹੰਮਦ ਇਮਰਾਨ ਮਾਲੇਰਕੋਟਲਾ, ਮੋਨੂੰ ਕੁਮਾਰ ਅਬੋਹਰ, ਮੁਕੇਸ਼ ਕੁਮਾਰ ਫਾਜ਼ਿਲਕਾ, ਮੁਖਪ੍ਰੀਤ ਸਿੰਘ ਮਾਨਸਾ, ਨਰਿੰਦਰ ਸਿੰਘ ਧਰਮਕੋਟ, ਨਵਲਦੀਪਿ ਸੰਘ ਅੰਮ੍ਰਿਤਸਰ ਪੱਛਮੀ, ਨਵਰੂਜ ਸਿੰਘ ਗੁਰੂ ਹਰਸਹਾਏ, ਪੰਕਜ ਦੇਵਗਨ ਅੰਮ੍ਰਿਤਸਰ ਉੱਤਰੀ, ਪ੍ਰਦੀਪ ਸਿੰਘ ਭਦੌੜ, ਪਰਮਿੰਦਰ ਸਿੰਘ ਸਮਰਾਲਾ, ਪਵਿੱਤਰਦੀਪ ਸਿੰਘ ਸ਼ਾਮਚੁਰਾਸੀ, ਰਾਜਨ ਅਰੋੜਾ ਬੰਗਾ, ਰਮਨ ਸ਼ਰਮਾ ਸੁਜਾਨਪੁਰ, ਰਮਣੀਕ ਸਿੰਘ ਦੀਨਾਨਗਰ, ਰਵਿੰਦਰ ਸਿੰਘ ਝੰਡਿਆਣਾ ਨਿਹਾਲ ਸਿੰਘ ਵਾਲਾ, ਰੋਹਨ ਲਾਲਕਾ ਆਤਮ ਨਗਰ, ਰੋਹਨ ਵਰਮਾ ਮੋਗਾ, ਸੰਜੇ ਸਿੰਘ ਨਵਾਂਸ਼ਹਿਰ, ਸਤਿੰਦਰ ਸਿੰਘ ਕਾਦੀਆਂ, ਸਹਿਜ ਕਲਿਆਣ ਮੁਕੇਰੀਆਂ, ਸ਼ਮਸ਼ੇਰ ਸਿੰਘ ਜੰਡਿਆਲਾ, ਸ਼ਿਵਮ ਪਾਠਕ ਜਲੰਧਰ ਸੈਂਟਰਲ, ਸ਼ੁਭਮ ਸਿੰਘ ਐੱਸ. ਏ. ਐੱਸ. ਨਗਰ, ਸੁਖਵੰਤ ਸਿੰਘ ਘਨੌਰ, ਸੁਖਵਿੰਦਰ ਸਿੰਘ ਤਲਵੰਡੀ ਸਾਬੋ, ਤਨਿਸ਼ ਆਹੂਜਾ ਲੁਧਿਆਣਾ ਪੂਰਬੀ, ਵਿਕਾਸ ਕੁਮਾਰ ਲੁਧਿਆਣਾ ਦੱਖਣੀ, ਵਿਪਲੇਸ਼ ਘਈ ਖੰਨਾ ਅਤੇ ਵਿਸ਼ਾਲ ਠਾਕੁਰ ਭੋਆ ਸ਼ਾਮਲ ਹਨ।

# ਭਾਰਤੀ ਕਿਸਾਨ ਯੂਨੀਅਨ ਪੰਜਾਬ ਵਲੋਂ ਪਿੰਡ ਸਰਹਾਲੀ ਮੰਡ ਵਿਚ ਨਵੀਂ ਕਿਸਾਨ ਇਕਾਈ ਦਾ ਗਠਨ ਕੀਤਾ ਗਿਆ

ਫਤਿਹ ਟਾਈਮਜ਼



ਮਖੂ, 23 ਫਰਵਰੀ (ਸ਼ਬੇਗ ਸਿੰਘ) ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੇ ਹੁਕਮਾਂ ਅਨੁਸਾਰ ਪੰਜਾਬ ਬਾਡੀ ਆਗੂਆ ਵੱਲੋਂ ਪੇਂਡੂ ਇਕਾਈਆਂ ਦੀ ਗਿਣਤੀ ਵਧਾਉਣ ਲਈ ਪਿੰਡਾਂ ਵਿਚ ਪਰਚਾਰ ਤੇਜ ਕੀਤਾ ਗਿਆ ਹੈ, ਜਿਸ ਕਰਕੇ ਕਿਸਾਨ ਭਾਰਤੀ ਕਿਸਾਨ ਯੂਨੀਅਨ ਪੰਜਾਬ ਵਿਚ ਧੜਾ ਧੜ ਸ਼ਾਮਿਲ ਹੋ ਰਹੇ ਹਨ । ਅੱਜ ਉਸ ਵੇਲੇ ਬੀ ਕੇ ਯੂ ਪੰਜਾਬ ਜਥੇਬੰਦੀ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ ਜਦੋ ਭਾਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਜਿਲ੍ਹਾ ਤਰਨਤਾਰਨ ਦੇ ਪਿੰਡ ਸਰਹਾਲੀ ਮੰਡਾ ਦੇ ਸਰਦਾਰ ਨਿਰਵੈਲ ਸਿੰਘ ਘਰ ਵਿਚ ਇਕ ਪਰੋਗਰਾਮ ਆਯੋਜਿਤ ਕੀਤਾ ਗਿਆ ਸੀ। ਜਿਸ ਵਿਚ ਸੂਬਾ ਪ੍ਰਧਾਂਨ ਫੁਰਮਾਨ ਸਿੰਘ ਸੰਧੂ ,ਹਰਦੀਪ ਸਿੰਘ ਗਿੱਲ ਕਰਮੂੰਵਾਲਾ ਜਿਲ੍ਹਾਂ ਪ੍ਰਧਾਂਨ ਫਿਰੋਜਪੁਰ ,ਗੁਰਪ੍ਰਤਾਪ ਸਿੰਘ ਪਰਚਾਰ ਸਕਤਰ ਪੰਜਾਬ ,ਇੰਦਰਜੀਤ ਸਿੰਘ ਕੋਟ ਸਦਰ ਖਾਂ ਪਰਮਜੀਤ ਸਿੰਘ ਅਵਾਨ ਅਤੇ ਅਰਜਨ ਸਿੰਘ ਸਿਧੂ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਪਰੋਗਰਾਮ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਬੀ ਕੇ ਯੂ ਪੰਜਾਬ ਜਥੇਬੰਦੀ ਦੀਆਂ ਨੀਤੀਆਂ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਰਬਸੰਮਤੀ ਨਾਲ ਜੈਕਾਰਿਆਂ ਦੀ ਗੂੰਜ ਵਿਚ ਜਸਵਿੰਦਰ ਸਿੰਘ ਸਰਹਾਲੀ ਮੰਡ ਨੂੰ ਮੀਤ ਪ੍ਰਧਾਂਨ ਪੰਜਾਬ ਦੇ ਆਗੂ ਵਜੋਂ ਨਿਯੁਕਤ ਕੀਤਾ ਗਿਆ ਅਤੇ ਫਿਰ ਨਵੀਂ ਇਕਾਈ ਵਿਚ ਇਕਾਈ ਪ੍ਰਧਾਂਨ

**ਜਸਵਿੰਦਰ ਸਿੰਘ ਸਰਹਾਲੀ ਮੰਡ ਨੂੰ ਪੰਜਾਬ ਮੀਤ ਪ੍ਰਧਾਨ ਨਿਯੁਕਤ ਕੀਤਾ।**

ਗੁਰਸਾਹਬ ਸਿੰਘ ਨੂੰ ਚੁਣਿਆ ਗਿਆ ਬਗੀਚਾਂ ਸਿੰਘ,ਦਲੀਪ ਸਿੰਘ ,ਚਰਨ ਸਿੰਘ,ਨਿਰਮਲ ਸਿੰਘ,ਕਰਨੈਲ ਸਿੰਘ ,ਹਰਜਿੰਦਰ ਸਿੰਘ ,ਸੇਵਕ ਸਿੰਘ, ਧਰਮ ਸਿੰਘ,ਸਤਨਾਮ ਸਿੰਘ , ਲਾਲਜੀਤ ਸਿੰਘ,ਗੁਰਮੀਤ ਸਿੰਘ ਬਲਵਿੰਦਰ ਸਿੰਘ ,ਅਮਨਦੀਪ ਸਿੰਘ,ਸਰਬਜੀਤ ਸਿੰਘ,ਦਿਲਬਾਗ ਸਿੰਘ,ਕਸ਼ਮੀਰ ਸਿੰਘ ,ਸ਼ਮਸ਼ੇਰ ਸਿੰਘ,ਗੁਰਦਿਆਲ ਸਿੰਘ,ਮਨਪ੍ਰੀਤ ਸਿੰਘ, ਪਰਗਟ ਸਿੰਘ,ਗੁਰਮੇਜ ਸਿੰਘ ਆਦਿ ਕਿਸਾਨਾਂ ਨੂੰ ਮੈਂਬਰ ਚੁਣਿਆ ਗਿਆ। ਨਵ ਨਿਯੁਕਤ ਆਗੂਆਂ ਤੇ ਮੈਂਬਰਾਂ ਨੂੰ ਸੂਬਾ ਪ੍ਰਧਾਂਨ ਫੁਰਮਾਨ ਸਿੰਘ ਸੰਧੂ ਨੇ ਜੀਆਇਆਂ ਨੂੰ ਕਿਹਾ ।

# ਕਿਸਾਨ ਸੰਘਰਸ਼ ਕਮੇਟੀ ਪੰਜਾਬ ਵਲੋਂ ਚੰਡੀਗੜ੍ਹ ਵਿਖੇ ਐਸ ਕੇ ਐਮ ਦੇ ਸੱਦੇ ਤੇ ਪੱਕੇ ਮੋਰਚੇ ਵਿਚ 5 ਮਾਰਚ ਨੂੰ ਪਹੁੰਚਣ ਲਈ ਮੀਟਿੰਗ ਹੋਈ

ਫਤਿਹ ਟਾਈਮਜ਼



ਮਖੂ, 23 ਫਰਵਰੀ (ਸ਼ਬੇਗ ਸਿੰਘ) ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ ਜਿਲ੍ਹਾ ਤਰਨਤਾਰਨ ਦੇ ਪਿਡ ਦਿਆਲਪੁਰਾ ਦੇ ਗੁਰਦੁਆਰਾ ਸਾਹਿਬ ਜੀ ਵਿਖੇ ਸੂਬਾ ਪ੍ਰਧਾਂਨ ਸੁਖਦਵੇ ਸਿੰਘ ਰਾਂਈਆਂ ਵਾਲਾ ਦੀ ਅਗਵਾਈ ਵਿਚ ਹੋਈਂ। ਜਿਸ ਵਿਚ ਸੂਬਾ ਪ੍ਰਧਾਂਨ ਸੁਖਦੇਵ ਸਿੰਘ ਤੋਂ ਇਲਾਵਾ ਪੰਜਾਬ ਲੈਵਲ ਦੇ ਆਗੂ ਜਿੰਨ੍ਹਾਂ ਵਿਚ ਸੂਬਾ ਪ੍ਰਧਾਂਨ ਸੁਖਦੇਵ ਸਿੰਘ ਰਾਂਈਆਂਵਾਲਾ,ਜਿਲ੍ਹਾ ਤਰਨਤਾਰਨ ਦੇ ਪ੍ਰਧਾਂਨ ਤਰਸੇਮ ਸਿੰਘ ਕਲਸੀ ,ਜਿਲ੍ਹਾ ਅਮ੍ਰਿਤਸਰ ਦੇ ਪ੍ਰਧਾਂਨ ਹਰਜੀਤ ਸਿੰਘ ਸੋਹੀ ਅਤੇ ਸੂਬਾ ਕਮੇਟੀ ਮੈਂਬਰ ਹਾਜਰ ਸਨ। ਇਹਨਾਂ ਨੇ ਸਾਰੇ ਹਾਜਰ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਐਸ ਕੇ ਐਮ ਵੱਲੋਂ 5 ਮਾਰਚ ਵਾਲੇ ਪਾਣੀਆਂ ਤੇ ਬਾਕੀ ਮੰਗਾਂ ਦੇ ਮੁੱਦੇ ਤੇ ਲੰਗੇ ਪੱਕੇ ਮੋਰਚੇ ਵਿਚ ਆਪਣੀ ਜਥੇਬੰਦੀ ਵੀ ਵੱਡੇ ਪੱਧਰ ਤੇ ਹਿੱਸਾ ਲਵੇਗੀ । ਪੰਜਾਬ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਮਨੀਆ ਹੋਈਆਂ ਕਿਸਾਨੀਂ ਮੰਗਾਂ ਨੂੰ ਲਾਗੂ ਕਰਨ ਲਈ ਆਸਾ ਪਾਸਾ ਵੱਟਿਆ ਜਾ ਰਿਹਾ ਹੈ । ਇਸ ਲਈ ਐਸ ਕੇ ਐਮ ਪੰਜਾਬ ਨਾਲ ਜੁੜੀਆਂ ਸਾਰੀਆਂ ਜਥੇਬੰਦੀਆਂ ਨੂੰ ਪਾਣੀਂ ਦੇ ਮੁੱਦੇ ਅਤੇ ਮੰਨੀਆਂ ਮੰਗਾਂ ਲਾਗੂ ਕਰਾਉਣ ਲਈ ਪੱਕਾ ਮੋਰਚਾ ਚੰਡਗੜ੍ਹ ਵਿਖੇ ਲਗਾਉਣ ਲਈ ਕਿਹਾ ਗਿਆ ਹੈ। ਜਿਸ ਲਈ ਕਿਸਾਨ ਸੰਘਰਸ਼ ਕਮੇਟੀ ਪੰਜਾਬ ਨੇ ਅੱਜ ਦੀ ਮੀਟਿੰਗ ਸੱਦੀ ਹੈ, ਇਸ ਲਈ ਤੁਸੀ ਸਾਰੇ ਕਿਸਾਨਾਂ ਨੂੰ ਪਿੰਡਾਂ ਵਿਚ ਲਾਮਬੰਦ ਕਰੋ ਤਾਂ ਕਿ 5 ਮਾਰਚ ਨੂੰ ਪੱਕੇ ਲੱਗਣ ਵਾਲੇ ਮੋਰਚੇ ਵਿਚ ਆਪਣੀ ਜਥੇਬੰਦੀ ਦੀ ਹਾਜਰੀ ਵੱਧ ਤੋਂ ਵੱਧ ਕਿਸਾਨ ਲੈ ਕੇ ਲਵਾ ਸਕੀਏ। ਇਸ ਮੌਕੇ ਸੂਬਾ ਪ੍ਰਧਾਂਨ ਸੁਖਦੇਵ ਸਿੰਘ ਰਾਂਈਆਵਾਲਾ,ਲਖਵਿੰਦਰ ਸਿੰਘ ,ਰਾਜਬੀਰ ਸਿੰਘ ਸਿੰਘਪੁਰਾ,ਹਰਜੀਤ ਸਿੰਘ ਸੋਹੀ ,ਸੰਨੀ ਸ਼ਰਮਾਂ ਅਮ੍ਰਿਤਸਰ,ਤਰਸੇਮ ਸਿੰਘ ਕਲਸੀ,ਅਮਰਜੀਤ ਸਿੰਘ ਭਿਖੀਵਿੰਡ,ਰਾਮ ਸਿੰਘ ਥੈਹ ਕਲੰਦਰ,ਗੁਰਮੇਜ ਸਿੰਘ ਪੱਟੀ, ਸੁਬੇਗ ਸਿੰਘ ਸੂਦਾਂ, ਜੱਗਾ ਸਿੰਘ ਨੰਗਲ ਆਦਿ ਕਿਸਾਨ ਹਾਜਰ ਸਨ।

FT
ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼
CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99885-37575

ਦਰਸ਼ਨ ਬੇਕਰੀ

ਮੇਨ ਰੋਡ ਫਤਿਆਬਾਦ, (ਤਰਨ ਤਾਰਨ)

ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁੱਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ ।



ਕੁਲਜੀਤ ਸਿੰਘ ਲਾਡੀ

ਸੰਪਰਕ : 98721-51544, 98559-21544

Editor,Owner and Publisher Sarbjot Singh Khalsa on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407

ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਮਾਤਾ ਬਲਵਿੰਦਰ ਕੌਰ ਕਲਿਆਨ (ਸਾਬਕਾ ਮੈਂਬਰ ਬਲਾਕ ਸੰਮਤੀ) ਦੀ ਬਰਸੀ ਮੌਕੇ ਤੀਜਾ ਮੈਡੀਕਲ ਕੈਂਪ ਲਗਾਇਆ ਗਿਆ

ਫਤਿਹ ਟਾਈਮਜ਼




ਭੋਗਪੁਰ, 23 ਫਰਵਰੀ (ਪੀ ਸੀ ਰਾਉਤ) ਅੱਜ ਵਾਲਮੀਕਿ ਟਾਈਗਰ ਫੋਰਸ ਵੱਲੋਂ ਪਿੰਡ ਚਾਹੜਕੇ ਵਿਖੇ ਸਵਰਗਵਾਸੀ ਮਾਤਾ ਬਲਵਿੰਦਰ ਕੌਰ ਕਲਿਆਣ (ਸਾਬਕਾ ਮੈਂਬਰ ਬਲਾਕ ਸੰਮਤੀ) ਦੀ ਬਰਸੀ ਮੌਕੇ ਤੀਜਾ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਬਲੱਡ ਕੈਂਪ, ਅੱਖਾਂ ਦਾ ਕੈਂਪ ਦੰਦਾਂ ਦਾ ਚੈੱਕ ਅਪ ਅਤੇ ਆਰਐਫਟੀ ਟੈਸਟ ਫਰੀ ਕੀਤੇ ਗਏ ।ਜੱਸ ਕਲਿਆਣ ਜਿਲ੍ਹਾ ਪ੍ਰਧਾਨ ਵਾਲਮੀਕਨ ਟਾਈਗਰ ਫੋਰਸ ਦੀ ਪ੍ਰਧਾਨਗੀ ਹੇਠ ਇਹ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਕਿਸਾਨ ਮਜ਼ਦੂਰ ਏਕਤਾ ਹਸਪਤਾਲ ਚਲਾਂਗ ਦਾ ਵਿਸ਼ੇਸ਼ ਸਹਿਯੋਗ ਰਿਹਾ ਅਮਰਜੀਤ ਸਿੰਘ ਮੁੱਖ ਸੇਵਾਦਾਰ ਚਲਾਂਗ ਹਸਪਤਾਲ ਵੱਲੋਂ ਆਪਣੀ ਮੈਡੀਕਲ ਟੀਮ ਭੇਜ ਕੇ ਕੈਂਪ ਵਿੱਚ ਸਹਿਯੋਗ ਕੀਤਾ ਗਿਆ ਜਿਨਾਂ ਵਿੱਚ 85 ਅੱਖਾਂ ਦੇ ਮਰੀਜ਼ਾਂ ਨੇ ਚੈੱਕ ਅਪ ਕਰਵਾਇਆ ਅਤੇ ਫਰੀ ਆਈਡਰੋਪ ਦਿੱਤੇ ਗਏ ਜਿਹਨਾਂ ਵਿੱਚੋਂ 15 ਮਰੀਜ਼ਾਂ ਦੇ ਲੈਂਜ ਪਾਏ ਜਾਣਗੇ ਅਤੇ 35 ਯੂਨਿਟ ਬਲੱਡ ਡੋਨੇਟ ਕੀਤਾ ਗਿਆ ਜੋ ਸਿਵਲ ਹਸਪਤਾਲ ਜਲੰਧਰ ਦੀ ਮੈਡੀਕਲ ਟੀਮ ਨਾਲ ਨੂੰ ਦਿੱਤਾ ਗਿਆ। ਅਤੇ ਹੋਰ ਵੀ ਲੋੜਮੰਦ ਮਰੀਜ਼ਾਂ ਨੇ ਕੈਂਪ ਵਿੱਚ ਲਾਹਾ ਲਿਆ ਪ੍ਰੈਸ ਨਾਲ ਗੱਲਬਾਤ ਕਰਦਿਆਂ ਜਸ ਕਲਿਆਣ ਰਾਵਣ ਨੇ ਕਿਹਾ ਕਿ ਸਾਨੂੰ ਅੱਜ ਦੇ ਸਮੇਂ ਦੇ ਵਿੱਚ ਬਲੱਡ ਡੋਨੇਟ ਜਰੂਰ ਕਰਨਾ ਚਾਹੀਦਾ ਹੈ ਕਿਉਂਕਿ ਸਾਡਾ ਦਾਨ ਕੀਤਾ ਹੋਇਆ ਬਲੱਡ ਕਿਸੇ ਦੀ ਜਾਨ ਬਚਾ ਸਕਦਾ ਹੈ। ਅਤੇ ਅੱਜ ਦੇ ਯੂਥ ਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਸਮਾਜ ਦੇ ਕੰਮਾਂ ਦੇ ਵਿੱਚ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ। ਨਾਲ ਹੀ ਉਹਨਾਂ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜੋ ਮੈਡੀਕਲ ਨਸ਼ਾ ਪੰਜਾਬ ਦੇ ਵਿੱਚ ਅੰਧਾ ਧੁੰਦ ਵਿਕ ਰਿਹਾ ਹੈ। ਉਸ ਉੱਤੇ ਨੱਥ ਪਾਈ ਜਾਵੇ ਤਾਂ ਜੋ ਨੌਜਵਾਨਾਂ ਦੀ ਜ਼ਿੰਦਗੀ ਬਚ ਸਕੇ ਉਹਨਾਂ ਨੇ ਦੱਸਿਆ ਕਿ ਸਮਾਜ ਸੇਵਾ ਦੀ ਭਾਵਨਾ ਉਹਨਾਂ ਨੇ ਆਪਣੀ ਮਾਤਾ ਜੀ ਕੋਲੋਂ ਸਿੱਖੀ ਅਤੇ ਜਿਸ ਤਰ੍ਹਾਂ ਉਹ ਲੋਕ ਭਲਾਈ ਦੇ ਕੰਮ ਕਰਦੇ ਸਨ ਉਹਨਾਂ ਦੇ ਨਕਸ਼ੇ ਕਦਮਾਂ ਤੇ ਚੱਲ ਕੇ ਅਸੀਂ ਵੀ ਲੋਕ ਭਲਾਈ ਦੇ ਕੰਮ ਇਸੇ ਤਰ੍ਹਾਂ ਅਗਾਹਾਂ ਵੀ ਕਰਦੇ ਰਹਾਂਗੇ ।ਇਸ ਮੌਕੇ ਸੁਰਿੰਦਰ ਜੱਜਾ ਜੀ ਪੰਜਾਬ ਪ੍ਰਧਾਨ ਭਾਵਾਦਾਸ, ਡਿੰਪਲ ਰਹੇਲਾ ਪ੍ਰਧਾਨ ਵਾਲਮੀਕੀ ਸਭਾ ਆਦਮਪੁਰ, ਮਨਮੀਤ ਵਿੱਕੀ ਜਨਰਲ ਸੈਕਟਰੀ ਜਲੰਧਰ ਬੀਜੇਪੀ, ਪ੍ਰਧਾਨ ਕੁਲਵਿੰਦਰਜੀਤ ਸਿੰਘ ਪ੍ਰਧਾਨ ਐਸਜੀ ਮੋਰਚਾ, ਸ਼ਾਮ ਸਿੰਘ ਕਲਿਆਣ, ਬਿਸ਼ਨ ਬਹਿਰਾਮ ਪ੍ਰਧਾਨ ਸਾਂਝਾ ਮੋਰਚਾ, ਦੀਪੂ ਐਮਸੀ ਭੋਗਪੁਰ, ਅਮਨ ਸਰਪੰਚ ਬੜਚੂਹੀ, ਸੰਨੀ ਕਲਿਆਣ,ਸ਼ਿੰਦਾ ਆਦੀਆ, ਰਵੀ ਕਲਿਆਣ, ਅਤੇ ਹੋਰ ਸਾਥੀਆਂ ਭਾਰੀ ਗਿਣਤੀ ਵਿੱਚ ਹਾਜ਼ਰੀ ਭਰੀ।

# ਪਿੰਡ ਮੋਹਕਮਗੜ੍ਹ ਵਿੱਚ ਅਨੋਖਾ ਲੰਗਰ ਲਗਾਇਆ ਗਿਆ



ਫਤਿਹ ਟਾਈਮਜ਼

ਭੋਗਪੁਰ, 23 ਫਰਵਰੀ (ਪੀ ਸੀ ਰਾਉਤ) ਪਿੰਡ ਮੋਹਕਮਗੜ੍ਹ ਵਿੱਚ ਅਨੋਖਾ ਲੰਗਰ ਲਗਾਇਆ ਗਿਆ ਹੈ ਪਿੰਡ ਮੋਹਕਮਗੜ ਸੰਗਤ ਦੀ ਸੇਵਾ ਵਿੱਚ ਪਿੰਡ ਦੇ ਰਿਟਾਇਰਡ ਪ੍ਰਿੰਸੀਪਲ ਅਤੇ ਪ੍ਰਧਾਨ ਨਰਸਿੰਗ ਕਾਲਜ ਕੰਦਾਲਾ ਜੱਟਾ ਸਰਦਾਰ ਪਰਮਿੰਦਰ ਸਿੰਘ ਵੱਲੋਂ ਇਸ ਲੰਗਰ ਦੀ ਸੇਵਾ ਕਿਸਾਨ ਮਜ਼ਦੂਰ ਏਕਤਾ ਹੋਸਪਿਟਲ ਚੋਲਾਂਗ ਦੇ ਸਹਿਯੋਗ ਨਾਲ ਪਿੰਡ ਦੀ ਸੰਗਤ ਦੇ ਸਰੀਰ ਦੇ ਜਰੂਰੀ ਟੈਸਟ ਜਿਸ ਵਿੱਚ ਸੀਬੀਸੀ , ਕੇਐਫਟੀ ,ਐਲਫਟੀ ,ਸ਼ੂਗਰ ਥਾਰਡ ਅਤੇ ਲਿਪੜ ਪ੍ਰੋਫਾਈਲ ਦੇ 60 ਟੈਸਟ ਕੀਤੇ ਗਏ ਜਿਸ ਵਿੱਚ 100 ਤੋਂ ਵੱਧ ਪ੍ਰਾਣੀਆਂ ਦੇ ਟੈਸਟ ਕੀਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਜਗਵੀਰ ਸਿੰਘ ਸੋਨੂ,ਸੁਰਜੀਤ ਸਿੰਘ ਜੇਈ,ਐਸ ਸਰਪੰਚ ਗੁਰਦੀਪ ਸਿੰਘ ,ਨਰਿੰਦਰ ਸਿੰਘ ਟੋਨੀ ਗੁਰਵਿੰਦਰ ਸਿੰਘ ਅਤੇ ਜੋਗਾ ਸਿੰਘ ਆਦਿ ਹਾਜ਼ਰ ਸਨ।

# ਨੌਵੇਂ ਪਾਤਸ਼ਾਹ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਤੋਂ ਸਰੀ ਅਨੰਦਪੁਰ ਸਾਹਿਬ ਤੱਕ ਸਜਾਇਆ ਜਾਵੇਗਾ ਨਗਰ ਕੀਰਤਨ

ਫਤਿਹ ਟਾਈਮਜ਼



**ਸ਼੍ਰੋਮਣੀ ਕਮੇਟੀ ਅਧਿਕਾਰੀਆਂ ਵੱਲੋਂ ਤਿਆਰੀਆਂ ਸਬੰਧੀ ਵੱਖ ਵੱਖ ਗੁਰਦੁਆਰਾ ਕਮੇਟੀਆਂ ਨਾਲ ਕੀਤੀਆਂ ਮੀਟਿੰਗਾਂ**

ਅੰਮ੍ਰਿਤਸਰ, 23 ਫਰਵਰੀ (ਫ.ਟ.ਬ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਨਵੰਬਰ ਮਹੀਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦੱਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾਗੱਦੀ ਦਿਵਸ ਦੀ 350 ਸਾਲਾ ਸ਼ਤਾਬਦੀ ਕੌਮੀ ਜਾਹੋ ਜਲਾਲ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਤਿਆਰੀਆਂ ਆਰੰਭ ਦਿੱਤੀਆਂ ਹਨ। ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ਼ਤਾਬਦੀ ਨੂੰ ਸਮਰਪਿਤ ਦੇਸ ਦੇ ਵੱਖ ਵੱਖ ਸਹਿਰਾਂ ਵਿੱਚ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ਅਤੇ ਨਗਰ ਕੀਰਤਨ ਵੀ ਸਜਾਏ ਜਾ ਰਹੇ ਹਨ। ਇਸੇ ਤਰ੍ਹਾਂ ਨੌਵੇਂ ਪਾਤਸ਼ਾਹ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਜਾਇਆ ਜਾਵੇਗਾ ਨਗਰ ਕੀਰਤਨ ਜਿਨ੍ਹਾਂ ਦੀਆਂ ਤਿਆਰੀਆਂ ਲਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਦੇ ਨਿਰਦੇਸ਼ਾ ਅਨੁਸਾਰ ਮੀਤ ਸਕੱਤਰ ਸ. ਗੁਰਚਰਨ ਸਿੰਘ ਕੁਹਾਲਾ ਦੀ ਅਗਵਾਈ ਵਿੱਚ ਇਕ ਟੀਮ ਸਿੰਘ ਸਭਾਵਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨਾਲ ਤਾਲਮੇਲ ਲਈ ਭੇਜੀ ਗਈ ਹੈ। ਸ਼੍ਰੋਮਣੀ ਕਮੇਟੀ ਦੀ ਇਸ ਟੀਮ ਨੇ ਅੱਜ ਇਤਿਹਾਸਿਕ ਗੁਰਦੁਆਰਾ ਬੜਾ ਸਿੱਖ ਸੰਗਤ ਕਲਕੱਤਾ ਵਿਖੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਕਲਕੱਤਾ ਦੀਆਂ ਸਮੂਹ ਸਿੱਖ ਜਥੇਬੰਦੀਆਂ ਸਿੰਘ ਸਭਾਵਾਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨਾਲ ਕੀਤੀ। ਇਸ ਦੌਰਾਨ ਪ੍ਰਬੰਧ ਕਮੇਟੀ ਅਤੇ ਕਲਕੱਤਾ ਦੀਆਂ ਸੰਗਤਾਂ ਨੇ ਸ਼ਹਿਰ ਵਿਖੇ ਨਗਰ ਕੀਰਤਨ ਦਾ ਰੂਟ ਤੈਅ ਕਰਨ, ਨਿੱਘਾ ਸਵਾਗਤ ਕਰਨ ਅਤੇ ਰਾਤ ਦੇ ਵਿਸ਼ਰਾਮ ਕਰਨ ਦੀ ਜ਼ਿੰਮੇਵਾਰੀ ਲਈ। ਇਸ ਤੋਂ ਪਹਿਲਾਂ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਲਛਮੀਪੁਰ (ਕੜਾਹ ਗੋਲਾ) ਬਿਹਾਰ, ਗੁਰਦੁਆਰਾ ਸਿੰਘ ਸਭਾ ਸਿਲੀਗੁੜੀ, ਸਿੱਖ ਪ੍ਰਤੀਨਿਧੀ ਬੋਰਡ ਈਸਟਨ ਜੋਨ, ਗੁਰਦੁਆਰਾ ਸਾਹਿਬ ਆਲਮਬਾਗ ਵਿਖੇ ਵੀ ਮੀਟਿੰਗਾਂ ਕੀਤੀਆਂ ਗਈਆਂ। ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕਰਨ ਦਾ ਵਿਸ਼ਵਾਸ ਦਿਵਾਇਆ। ਇਨ੍ਹਾਂ ਮੀਟਿੰਗਾਂ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਸ. ਗੁਰਚਰਨ ਸਿੰਘ ਕੋਹਾਲਾ, ਇੰਚਾਰਜ ਸ਼ਤਾਬਦੀਆਂ ਸ. ਬਲਦੇਵ ਸਿੰਘ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਭਾਈ ਬਲਦੇਵ ਸਿੰਘ ਇੰਚਾਰਜ ਸਿੱਖ ਮਿਸ਼ਨ ਮੱਧ ਪ੍ਰਦੇਸ਼ ਹਾਜ਼ਰ ਸਨ।

# ਕਰਨਲ ਕਸ਼ਮੀਰ ਸਿੰਘ ਢਿਲੋਂ ਰਿਟਾਇਰਡ ਵਲੋਂ ਸਮਾਜ ਸੇਵਾ ਵਿਚ ਪਾਏ ਯੋਗਦਾਨ ਲਈ ਆਰਮੀ ਅਧਿਕਾਰੀ ਜਰਨਲ ਦਿਵੇਦੀ ਵਲੋਂ ਪ੍ਰਸ਼ੰਸ਼ਾ ਪੱਤਰ ਦੇ ਕੇ ਦਿੱਲੀ ਆਰਮੀ ਹੈਡਕੁਆਟਰ ਵਿਖੇ ਸਨਮਾਨਤ ਕੀਤਾ

ਫਤਿਹ ਟਾਈਮਜ਼




ਮਖੂ, 23 ਫਰਵਰੀ (ਸ਼ਬੇਗ ਸਿੰਘ) ਸਮਾਜ ਸੇਵਾ ਦੇ ਖੇਤਰ ਵਿਚ ਪਾਏ ਜਾ ਰਹੇ ਯੋਗਦਾਨ ਕਰਕੇ ਥਲ ਸੈਨਾਂ ਦੇ ਅਧਿਕਾਰੀ ਜਰਨਲ ਉਪੇਂਦਰ ਦਿਵੇਦੀ ਵੱਲੋਂ ਸੈਨਾਂ ਦੇ ਹੈਡਕੁਆਟਰ ਦਿੱਲੀ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਕਰਨਲ ਕਸ਼ਮੀਰ ਸਿੰਘ ਢਿਲੋਂ ਰਿਟਾਇਰਡ ਨੂੰ ਇਕ ਪ੍ਰਸ਼ੰਸ਼ਾ ਪੱਤਰ ਦੇ ਸਨਮਾਨ ਚਿੰਨ੍ਹ ਨਾਲ ਤੇ ਮੈਡਲ ਦੇ ਕੇ ਸਨਮਾਨਤ ਕੀਤਾ ।ਕਰਨਲ ਕਸ਼ਮੀਰ ਸਿੰਘ ਜੋ ਅੱਜ ਤਕਰੀਬਨ 72 ਵਰ੍ਹਿਆ ਦੇ ਹੋ ਗਏ ਹਨ 17 ਸਾਲ ਪਹਿਲਾਂ ਭਾਰਤੀ ਸੈਨਾਂ ਵਿਚੋਂ ਰਿਟਾਇਰਡ ਹੋਏ ਸਨ। ਜੋ ਅੱਜ ਕਲ੍ਹ ਵੀ ਚੰਗੀ ਸਿਹਤ ਰੱਖਦੇ ਹਨ ਤੇ ਸਮਾਜ ਦੇ ਹਰ ਵਰਗ ਨੂੰ ਦੀ ਸਿਹਤ ਨੂੰ ਤੰਦਰੁਸਤ ਰੱਖਣ ਅਤੇ ਸਵੱਛ ਵਾਤਾਵਰਨ ਸੰਭਾਲ ਵਾਸਤੇ ਪੂਰੀ ਲਗਨ ਨਾਲ ਕੰਮ ਕਰ ਰਹੇ ਹਨ। ਜਿਸ ਲਈ ਮਖੂ ਇਲਾਕੇ ਉਹ ਜਾਣੇ ਮਾਣੇ ਸ਼ਖਸ਼ ਵਜੋਂ ਵਿਚਰ ਰਹੇ ਹਨ ,ਉਹ ਬੱਚਿਆਂ ਦੇ ਸਕੂਲਾਂ ਵਿਚ ਜਾਕੇ ਜਾਗਰੂਕ ਕਰਨ ਦੇ ਖੇਤਰ ਵਿਚ ਚੰਗੀ ਸਿਹਤ ਸੰਭਾਲ ਲਈ ਪ੍ਰੇਰਨਾਂ ਨਾਲ ਯੋਗਦਾਨ ਪਾ ਰਹੇ ਹਨ। ਜਿਸ ਕਰਕੇ ਮਖੂ ਸ਼ਹਿਰ, ਜੀਰਾ ਫਿਰੋਜਪੁਰ ਅਤੇ ਚੰਡੀਗੜ੍ਹ ਦੇ ਵੱਖ ਵੱਖ ਅਦਾਰਿਆਂ ਵੱਲੋਂ ਸਮੇ ਸਮੇ ਤੇ ਪ੍ਰਸ਼ੰਸ਼ਾ ਪੱਤਰਾਂ ਨਾਲ ਸਨਮਾਨੇ ਜਾ ਚੁੱਕੇ ਹਨ।ਕਰਨਲ ਕਸ਼ਮੀਰ ਸਿੰਘ ਢਿਲੋਂ ਨੇ ਇਹ ਸਨਮਾਨ ਪੱਤਰ ਪ੍ਰਾਪਤ ਕਰਦੇ ਹੋਏ ਖੁਸ਼ੀ ਪਰਗਟ ਕਰਦਿਆਂ ਕਿਹਾ ਕਿ ਇਹ ਸਨਮਾਨ ਮਖੂ ਸ਼ਹਿਰ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਲਈ ਮੇਰੇ ਵੱਲੋਂ ਮਾਨ ਵਾਲੀ ਗੱਲ ਹੈ । ਕਿਉਂਕਿ ਇਸ ਸਮਾਰੋਹ ਵਿਚ ਸਮੁੱਚੇ ਭਾਰਤ ਦੇਸ਼ ਵਿਚੋਂ ਸਿਰਫ ਦੋ ਲੋਕਾਂ ਨੂੰ ਹੀ ਚੁਣਿਆ ਗਿਆ ਹੈ,ਜਿੰਨ੍ਹਾਂ ਵਿਚੋ ਇਕ ਮਾਣ ਮਖੂ ਇਲਾਕੇ ਦੀ ਝੋਲੀ ਪਿਆ ਹੈ। ਇਸ ਮੌਕੇ ਉਹਨਾਂ ਮਖੂ ਪੈਡਲਰਜ ਦਾ ਸਾਈਕਲ ਚਲਾਓ ਸਿਹਤ ਬਣਾਓ ਮਹਿੰਮ ਨੂੰ ਅੱਗੇ ਲਗਾਤਾਰ ਵਧਾਉਣ ਲਈ ਸਭ ਟੀਮ ਮੈਂਬਰਾਂ ਦਾ ਵੀ ਧੰਨਵਾਦ ਕੀਤਾ ।ਕਰਨਲ ਕਸ਼ਮੀਰ ਸਿੰਘ ਢਿਲੋਂ ਨੇ ਕਿਹਾ ਕਿ ਉਹ 2025 ਇਸੇ ਸਾਲ ਮਈ ਮਹੀਨੇ ਵਿਚ ਮਾਊਂਟ ਐਵਰੈਸਟ ਬੇਸ ਕੈਂਪ ਟਰੈਕਿੰਗ ਵਾਸਤੇ ਜਾ ਰਹੇ ਹਨ ,ਜੋ ਨੈਪਾਲ ਤੋਂ ਸ਼ੁਰੂ ਹੋ ਕੇ ਤਕਰੀਬਨ 15 ਦਿਨਾਂ ਦੀ ਪਹਾੜੀ ਇਲਾਕੇ ਦੀ ਚੜ੍ਹਾਈ ਹੈ।






# ਮੋਦੀ ਸਰਕਾਰ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਨਫ਼ਰਤ ਫੈਲਾਅ ਰਹੀ ਹੈ - ਪੰਡੋਰੀ



ਤਰਨ ਤਾਰਨ, 23 ਫਰਵਰੀ (ਐਸ ਐਸ ਸੰਧਾ) ਮਨਰੇਗਾ ਵਰਕਰਜ਼ ਯੂਨੀਅਨ ਦੀ ਭਰਵੀ ਮੀਟਿੰਗ ਪਿੰਡ ਕੰਗ ਚ ਕੀਤੀ ਗਈ । ਇਸ ਮੌਕੇ ਬੋਲਦਿਆ ਯੂਨੀਅਨ ਦੇ ਜਿਲਾ ਸਕੱਤਰ ਬਲਦੇਵ ਸਿੰਘ ਪੰਡੋਰੀ ਸੀਨੀਅਰ ਆਗੂ ਨਰਿੰਦਰ ਸਿੰਘ ਰਟੋਲ ਨੇ ਕਿਹਾ ਕਿ ਮੋਦੀ ਸਰਕਾਰ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਨਫ਼ਰਤ ਫੈਲਾਅ ਰਹੀ ਹੈ । ਸਰਕਾਰ ਲੋਕਾਂ ਦੇ ਬੁਨਿਆਦੀ ਮੁੱਦੇ ਸਿੱਖਿਆ, ਸਿਹਤ , ਰੁਜ਼ਗਾਰ, ਮਹਿੰਗਾਈ, ਬੇਰੁਜ਼ਗਾਰੀ ਭ੍ਰਿਸ਼ਟਾਚਾਰ ਹੱਲ ਕਰਨ ਦੀ ਬਜਾਏ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਆਪਸ ਵਿੱਚ ਲੜਾਇਆ ਜਾ ਰਿਹਾ ਹੈ ਅਤੇ ਘੱਟ ਗਿਣਤੀ ਲੋਕਾਂ ਤੇ ਜਬਰ ਦਾ ਕੁਹਾੜਾ ਚਲਾਇਆ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਸੰਵਿਧਾਨ ਨੂੰ ਤੋੜ ਮਰੋੜ ਕੇ ਦੇਸ਼ ਅੰਦਰ ਸਦੀਆ ਪੁਰਾਣੀ ਮੰਨੂਸਿਮ੍ਰਤੀ ਨੂੰ ਲਾਗੂ ਕੀਤਾ ਜਾ ਰਿਹਾ ਹੈ ; ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ । ਨਵਉਦਾਰਵਾਦੀ ਨੀਤੀਆਂ ਨੂੰ ਤੇਜੀ ਨਾਲ ਲਾਗੂ ਕੀਤਾ ਜਾ ਰਿਹਾ ਹੈ,ਜਿਨ੍ਹਾਂ ਨੀਤੀਆਂ ਕਾਰਨ ਬੇਰੁਜ਼ਗਾਰੀ,ਮਹਿੰਗਾਈ ਛੜੱਪੇ ਮਾਰ ਕੇ ਵਧ ਰਹੀ ਹੈ ਅਤੇ ਭਾਜਪਾ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਸਰਕਾਰੀ ਅਰਧ ਸਰਕਾਰੀ ਜਾਇਦਾਦਾਂ ਕੌਡੀਆ ਦੇ ਭਾਅ ਦੇ ਰਹੀ ਹੈ । ਉਨ੍ਹਾਂ ਕਿਹਾ ਕਿ ਭਾਜਪਾ ਅਤੇ ਆਪ ਦੀਆਂ ਨੀਤੀਆਂ ਵਿੱਚ ਕੋਈ ਅੰਤਰ ਨਹੀਂ । ਇਨ੍ਹਾਂ ਦੋਹਾਂ ਦੀਆਂ ਨੀਤੀਆਂ ਲੋਕ ਵਿਰੋਧੀ ਹਨ । ਮਨਰੇਗਾ ਸਕੀਮ ਸਰਪੰਚਾ ਦੀ ਭੇਟ ਚੜਦਿ ਜਾ ਰਹੀ ਹੈ । ਮਨਰੇਗਾ ਵਰਕਰਾ ਨੂੰ ਸਮੇਂ ਸਿਰ ਮਿਹਨਤਆਨਾ ਨਹੀਂ ਦਿੱਤਾ ਜਾ ਰਿਹਾ । ਕੇਂਦਰ ਸਰਕਾਰ ਵੱਲੋਂ ਮਨਰੇਗਾ ਸਕੀਮ ਚ ਫੰਡਾ ਚ ਕਟੌਤੀ ਕੀਤੀ ਜਾ ਰਹੀ ਹੈ । ਇਨ੍ਹਾਂ ਆਗੂਆਂ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਨੀਤੀਗਤ ਬਦਲ ਉਸਾਰਨ ਦੀ ਅਹਿਮ ਲੋੜ ਹੈ । ਉਨ੍ਹਾਂ ਕਿਹਾ ਕਿ 25 ਫਰਵਰੀ ਨੂੰ ਮਜ਼ਦੂਰਾਂ ਦੀਆਂ ਮੰਗਾ ਨੂੰ ਲੈ ਕੇ ਸੂਬਾ ਪੱਧਰੀ ਰੈਲੀ ਜਲੰਧਰ ਚ ਕੀਤੀ ਜਾ ਰਹੀ ਹੈ,ਵੱਡੀ ਗਿਣਤੀ ਚ ਪਹੁੰਚਣ ਦਾ ਸੱਦਾ ਦਿੱਤਾ । ਇਸ ਮੌਕੇ ਕਰਮ ਸਿੰਘ ਪੰਡੋਰੀ ਮੰਗਲ ਸਿੰਘ ਰਟੋਲ ਕੁਲਦੀਪ ਸਿੰਘ ਰਟੋਲ ਤਰਸੇਮ ਸਿੰਘ ਮੰਗਲ ਸਿੰਘ ਕੁਲਵੰਤ ਕੌਰ ਸੁਖਵਿੰਦਰ ਕੌਰ ਜਗਰੂਪ ਕੌਰ ਦਲਜੀਤ ਕੌਰ ਰਾਜਵਿੰਦਰ ਕੌਰ ਜਸਬੀਰ ਕੌਰ ਸਤਨਾਮ ਸਿੰਘ ਅੰਜੂ ਕੰਗ ਆਦਿ ਹਾਜਰ ਸਨ।

# ਪੰਜਾਬ ਸਟੇਟ ਫੋਰਮ ਆਫ ਰਿਟਾਇਰਡ ਡਿਪਲੋਮਾ ਇੰਜੀਨੀਅਰਜ਼ ਨੇ ਪੰਜਾਬ ਸਰਕਾਰ ਦੇ ਕਿਸ਼ਤਾਂ ਵਿੱਚ ਅਦਾਇਗੀ ਦੇ ਫਾਰਮੂਲੇ ਦੀ ਕੀਤੀ ਪੁਰਜ਼ੋਰ ਨਿਖੇਦੀ ਅਤੇ ਯਕਮੁਸ਼ਤ ਪੂਰੇ ਬਕਾਏ ਇੱਕੋ ਵਾਰ ਦੇਣ ਦੀ ਕੀਤੀ ਮੰਗ - ਇੰਜ ਦਲਜੀਤ ਸਿੰਘ ਕੋਹਲੀ



ਅੰਮ੍ਰਿਤਸਰ, 23 ਫਰਵਰੀ (ਪ ਪ) ਪੰਜਾਬ ਸਟੇਟ ਫੋਰਮ ਆਫ ਰਿਟਾਇਰਡ ਡਿਪਲੋਮਾ ਇੰਜੀਨੀਅਰਜ ਨੇ ਪਟਿਆਲਾ ਦੇ ਬਾਰਾਦਰੀ ਵਿਚ ਵਿਸ਼ੇਸ਼ ਮੀਟਿੰਗ ਕੀਤੀ ਜਿਸ ਵਿਚ ਪੰਜਾਬ ਸਰਕਾਰ ਵਲੋਂ 6ਵੇਂ ਪੇ ਕਮਿਸ਼ਨ ਦਾ 66 ਮਹੀਨੇ ਦਾ ਬਕਾਇਆ. ਜ਼ੋ ਲੰਮੇ ਸਮੇਂ ਦੀਆਂ ਕਿਸ਼ਤਾਂ ਵਿੱਚ ਅਦਾ ਕਰਨ ਦਾ ਐਲਾਨ ਕੀਤਾ ਹੈ, ਉਸਦੀ ਮੀਟਿੰਗ ਵਿਚ ਫ਼ੋਰਮ ਦੇ ਇੰਜੀ. ਦਲਜੀਤ ਸਿੰਘ ਕੋਹਲੀ ਸੂਬਾ ਪ੍ਰਧਾਨ ਵਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਪੈਨਸ਼ਨਰਜ ਦੀ ਮੀਟਿੰਗ ਦੌਰਾਨ ਇੰਜ ਵੀ ਕੇ ਕਪੂਰ ਜਨਰਲ ਸਕੱਤਰ, ਸੀਨੀ ਮੀਤ ਪ੍ਰਧਾਨ ਇੰਜੀ. ਸੁਰਿੰਦਰ ਸਿੰਘ ਸੋਢੀ, ਇੰਜ ਬਲਦੇਵ ਸਿੰਘ ਲੈਹਲ ਸਕੱਤਰ ਨੇ ਸਾਂਝੇ ਤੌਰ ਤੇ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਕਿਹਾ ਕਿ ਸ੍ਰ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਚੋਣਾਂ ਦੋਰਾਨ ਏਰੀਅਰ ਦਾ ਬਕਾਇਆ ਰਾਸ਼ੀ ਯਕਮੁਸ਼ਤ ਦੇਣ ਦਾ ਵਾਅਦਾ ਕੀਤਾ ਸੀ, ਪਰ ਹੁਣ ਇਹ ਕਿਸ਼ਤਾਂ ਵਿੱਚ ਦੇਣ ਦਾ ਐਲਾਨ ਕਰ ਦਿੱਤਾ ਹੈ, ਉਹ ਵੀ ਤਿੰਨ ਕੈਟਾਗਰੀਆਂ ਬਣਾ ਕੇ ਪੈਨਸ਼ਨਰਾਂ ਨੂੰ ਮੂਰਖ ਬਣਾਇਆ ਗਿਆ ਹੈ। ਬਾਕੀ ਰਹਿੰਦੇ 11% ਡੀ ਏ ਬਾਰੇ ਸਰਕਾਰ ਵਲੋਂ ਕੋਈ ਬਿਆਨ ਨਹੀ ਹੈਂ। ਬੁਲਾਰਿਆਂ ਨੇ ਦੋਸ਼ ਲਾਇਆ ਕਿ 66 ਮਹੀਨਿਆਂ ਦੇ ਬਕਾਏ ਦੇਣ ਲਈ ਚਾਰ ਸਾਲਾਂ ਦੀ ਸਮਾਂ ਸੂਚੀ ਜਾਰੀ ਕੀਤੀ ਹੈ,ਜਿਹੜੀ ਬਿਲਕੁਲ ਵੀ ਠੀਕ ਨਹੀਂ ਹੈ, ਜਦੋਂ ਕਿ ਮੌਜੂਦਾ ਸਰਕਾਰ ਦਾ ਆਪਣਾ ਸਮਾਂ ਮਾਰਚ 2027 ਵਿੱਚ ਹੀ ਪੂਰਾ ਹੋ ਜਾਣਾ ਹੈ। ਇੰਜ ਦਲਜੀਤ ਸਿੰਘ ਕੋਹਲੀ ਨੇ ਦਸਿਆ ਕਿ ਪਿਛਲੇ 9 ਸਾਲਾਂ ਦੌਰਾਨ ਬਕਾਏ ਮਿਲਣ ਦੀ ਉਡੀਕ ਕਰਦੇ ਕਰਦੇ ਲਗਭਗ 35000 ਪੈਨਸ਼ਨਰ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਇੰਜ ਵੀ ਕੇ ਕਪੂਰ ਵਲੋਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਉਹ ਪੈਨਸ਼ਨਰਾਂ/ਵਰਕਿੰਗ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ 2.59 ਦਾ ਗੁਣਾਂਕ, ਰਹਿੰਦੇ 11% ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ 1-1-2016 ਨੂੰ ਸੋਧੇ ਸਕੇਲਾਂ ਨੂੰ 113% ਡੀ ਏ ਦੀ ਬਜਾਏ 119% ਡੀ ਏ ਅਨੁਸਾਰ ਮੁਢਲੀਆਂ ਤਨਖਾਹਾਂ ਨੂੰ ਨਿਸ਼ਚਿਤ ਕੀਤਾ ਜਾਵੇ। ਅਤਿ ਬਜ਼ੁਰਗ ਪੈਨਸ਼ਨਰਾਂ ਅਤੇ ਵਰਕਿੰਗ ਕਰਮਚਾਰੀਆਂ/ਅਧਿਕਾਰੀਆਂ ਦੇ ਸਬਰ ਦਾ ਇਮਤਿਹਾਨ ਨਾ ਲਿਆ ਜਾਵੇ ਮੀਟਿੰਗ ਵਿੱਚ ਪੰਜਾਬ ਸਟੇਟ ਫੋਰਮ ਆਫ ਰਿਟਾਇਰਡ ਡਿਪਲੋਮਾ ਇੰਜੀਨੀਅਰਜ਼ ਦੀ ਪਟਿਆਲਾ ਜੋਨ ਦੀ ਜ਼ੋਨਲ ਕਮੇਟੀ ਦਾ ਸਰਵਸੰਮਤੀ ਨਾਲ ਗਠਨ ਕੀਤਾ ਗਿਆ ਜਿਸ ਵਿੱਚ ਇੰਜੀ. ਆਰ ਸੀ ਸ਼ਰਮਾ ਨੂੰ ਮੁੱਖ ਸਲਾਹਕਾਰ, ਸਤਪਾਲ ਨਰੂਲਾ, ਬਿੱਕਰ ਸਿੰਘ ਅਤੇ ਅਵਤਾਰ ਤੱਗੜ ਨੂੰ ਕਨਵੀਨਰ, ਤਰਲੋਚਨ ਸਿੰਘ, ਹਰਦਰਸਪਾਲ ਸਿੰਘ ਬਾਜਵਾ, ਪਰਮਜੀਤ ਸਿੰਘ ਮਾਗੋ ਅਤੇ ਚਰਨਦੀਪ ਸਿੰਘ ਨੂੰ ਕੋ-ਕਨਵੀਨਰ ਅਤੇ ਮੇਹਰ ਸਿੰਘ ਨੂੰ ਫਾਇਨਾਂਸ ਸਕੱਤਰ ਦੇ ਅਹੁਦਿਆਂ ਦੀ ਜਿੰਮੇਵਾਰੀ ਸੋਂਪੀ ਗਈ ਸੂਬਾ ਪ੍ਰਧਾਨ ਇੰਜੀ. ਦਲਜੀਤ ਸਿੰਘ ਕੋਹਲੀ, ਜਨਰਲ ਸਕੱਤਰ ਇੰਜੀ. ਵੀ ਕੇ ਕਪੂਰ, ਸੀਨੀਅਰ ਮੀਤ ਪ੍ਰਧਾਨ ਇੰਜੀ. ਸੁਰਿੰਦਰ ਸਿੰਘ ਸੋਢੀ, ਵਧੀਕ ਜਨਰਲ ਸਕੱਤਰ ਇੰਜੀ. ਬਲਦੇਵ ਸਿੰਘ ਲੇਹਲ ਤੋਂ ਇਲਾਵਾ ਇੰਜ ਬਲਵਿੰਦਰ ਸ਼ਰਮਾ, ਇੰਜ ਕੇ ਸੀ ਬਾਤਿਸ਼, ਇੰਜ ਰਾਜਿੰਦਰ ਭੋਲਾ, ਇੰਜ ਜੀਵਨ ਸ਼ਾਹੀ, ਇੰਜ ਗੁਰਮੀਤ ਸਿੰਘ ਮਾਨ, ਇੰਜ ਹਰਨੇਕ ਸਿੰਘ, ਇੰਜ ਸਿਵਵੀਰ ਸਿੰਘ ਅਰੋੜਾ, ਇੰਜ ਅਵਤਾਰ ਸਿੰਘ, ਇੰਜ ਹਰਜੀਤ ਸਿੰਘ, ਇੰਜ ਸੁਰਜੀਤ ਸਿੰਘ, ਇੰਜ ਸੁਖਦਰਸ਼ਨ ਨੱਤ ਇੰਜ ਅਸ਼ਵਨੀ ਭਾਟੀਆ, ਇੰਜ ਕੁਲਜੀਤ ਸਿੰਘ, ਸਾਬਕਾ ਪ੍ਰਧਾਨ ਪਬਲਿਕ ਹੈਲਥ ਨੇ ਵੀ 125 ਦੇ ਕਰੀਬ ਮੈਂਬਰਾਂ ਨੂੰ ਸੰਬੋਧਨ ਕਰ ਕੇ ਪੈਨਸ਼ਨਰਾਂ ਦੀਆਂ ਮੁਸ਼ਕਿਲਾਂ ਅਤੇ ਮੰਗਾਂ ਵਿਚਾਰ ਵਟਾਂਦਰਾ ਕੀਤਾ।

# ਪੁੱਡਾ ਗਰਾਉਂਡ ਜਲੰਧਰ ਵਿਖੇ ਆਰ ਐਮ ਪੀ ਆਈ ਵੱਲੋਂ ਹੋ ਰਹੀ ਮਹਾਂਰੈਲੀ ਵਿੱਚ ਹੋਵੇਗਾ ਭਾਰੀ ਇਕੱਠ- ਨਿਰਮਲ ਜੰਡਵਾਲ



ਪਿੰਡ ਜੰਡਵਾਲ ਵਿਖੇ ਹੋਈ ਮੀਟਿੰਗ ਦਾ ਦ੍ਰਿਸ਼



ਪਿੰਡ ਛੋਟੇਪੁਰ ਵਿਖੇ ਹੋਈ ਮੀਟਿੰਗ ਦਾ ਦ੍ਰਿਸ਼

ਪਠਾਨਕੋਟ, 23 ਫਰਵਰੀ (ਪਵਨ ਸ਼ਰਮਾਂ) ਪੁੱਡਾ ਗਰਾਊਂਡ ਜਲੰਧਰ ਵਿਖੇ ਆਰ ਐਮ ਪੀ ਆਈ ਵੱਲੋਂ ਹੋ ਰਹੀ ਮਹਾਂਰੈਲੀ ਦੀਆਂ ਤਿਆਰੀਆਂ ਵਿੱਚ ਪਿੰਡ ਛੋਟੇਪੁਰ, ਜੰਡਵਾਲ, ਟਾਹਰਾ, ਬਘਾਰ, ਆਦਿ ਦੇ ਲੋਕਾਂ ਨੂੰ ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਤੋਂ ਜਾਣੂ ਕਰਵਾ ਕੇ ਵੱਡੀ ਗਿਣਤੀ ਵਿਚ ਸ਼ਾਮਿਲ ਕਰਾਉਣ ਲਈ ਮਾਸਟਰ ਸੁਭਾਸ਼ ਸ਼ਰਮਾਂ,ਅਜੀਤ ਰਾਮ ਗੰਧਲਾ ਲਾੜੀ ਅਤੇ ਨਿਰਮਲ ਜੰਡਵਾਲ ਨੇ ਸਾਂਝੇ ਰੂਪ ਵਿੱਚ ਦੱਸਿਆ ਕਿ ਲੋਕ ਮਹਿਗਾਈ, ਬੇਰੁਜਗਾਰੀ ਤੋਂ ਦੁਖੀ ਹਨ। ਨਸ਼ਿਆਂ ਤੇ ਕੋਈ ਰੋਕ ਨਹੀਂ ਲਗ ਰਹੀ। ਮਿਲਾਵਟਖੋਰੀ ਦੇ ਧੰਦੇ ਵੱਧ ਰਹੇ ਹਨ। ਸਰਕਾਰਾਂ ਅਪਣੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ।ਲੋਕਤੰਤਰ ਖਤਰੇ ਵਿਚ ਹੋਣ ਕਾਰਣ "ਪੰਜਾਬ ਬਚਾਓ, ਸੰਵਿਧਾਨ ਬਚਾਓ, ਦੇਸ਼ ਬਚਾਓ" ਦੇ ਸਲੋਗਨ ਹੇਠ 25 ਫਰਵਰੀ ਨੂੰ ਕਮਿਊਨਿਸਟ ਕੋਆਰਡੀਨੇਸ਼ਨ ਕਮੇਟੀ ਦੇ ਸੱਦੇ ਤੇ ਮਹਾਰੈਲੀ ਵਿੱਚ ਬਹੁਤ ਵੱਡਾ ਇੱਕਠ ਹੋ ਰਿਹਾ ਹੈ।

ਉਪਰੋਕਤ ਮੀਟਿੰਗਾਂ ਵਿੱਚ ਮਨਪ੍ਰੀਤ ਕੌਰ,ਅੰਜੂ ਬਾਲਾ,ਸ਼ੁੱਭ ਲਤਾ, ਰੇਨੂੰ, ਅਨੀਤਾ, ਉਰਮਿਲਾ ਦੇਵੀ, ਕ੍ਰਿਸ਼ਨਾ, ਮੀਰਾਂ,ਜੋਤੀ,ਪੂਜਾ,ਨੇ ਵਿਚਾਰ ਚਰਚਾ ਵਿਚ ਹਿੱਸਾ ਲਿਆ ਅਤੇ ਲਾਮਬੰਦ ਹੋ ਕੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਮੁਕਾਬਲਾ ਕਰਨ ਦਾ ਫ਼ੈਸਲਾ ਲਿਆ।ਇਸ ਮੌਕੇ ਪੁਸ਼ਪਾ,ਲੀਲਾ ਦੇਵੀ,ਪਰਵੀਨ ਕੁਮਾਰ, ਆਸ਼ਾ ਰਾਣੀ,ਰਾਜਿੰਦਰ, ਰਵਿੰਦਰ ਕੁਮਾਰ, ਦੀਪਕ ਮਹਿਰਾ ਅਤੇ ਦੇਵੀ ਆਦਿ ਨੇ ਔਰਤਾਂ ਤੇ ਵੱਧ ਰਹੇ ਜੁਲਮ ਤਸ਼ਦਤ ਤੇ ਸਰਕਾਰਾਂ ਵੱਲੋਂ ਜਾਤਾਂ ਧਰਮਾਂ ਅਧਾਰਤ ਪਾਈਆਂ ਜਾ ਰਹੀਆਂ ਵੰਡੀਆਂ ਬਾਰੇ ਚਿੰਤਾ ਵਿਅਕਤ ਕੀਤੀ। ਸਾਰਿਆਂ ਨੇ ਮਹਾਂਰੈਲੀ ਵਿਚ ਸ਼ਾਮਿਲ ਹੋਣ ਦਾ ਪ੍ਰਣ ਲਿਆ ਅੰਤ ਭੈਣ ਨਿਰਮਲ ਜੰਡਵਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਰੈਲੀ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ।

# ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਵੱਲੋਂ ਸਾਕਾ ਸ਼੍ਰੀ ਨਨਕਾਣਾ ਸਾਹਿਬ ਤੇ ਜੈਤੋ ਮੋਰਚੇ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਆਯੋਜਿਤ



ਲੁਧਿਆਣਾ, 23 ਫਰਵਰੀ (ਪਰਮਜੀਤ ਸਿੰਘ) ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਵੱਲੋਂ ਅੱਜ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਵਿਖੇ ਬੜੀ ਸ਼ਰਧਾ ਭਾਵਨਾ ਦੇ ਨਾਲ ਸ਼੍ਰੀ ਨਨਕਾਣਾ ਸਾਹਿਬ ਦੇ ਸਾਕੇ ਅਤੇ ਜੈਤੋ ਮੋਰਚੇ ਵਿੱਚ ਸ਼ਹੀਦ ਹੋਣ ਵਾਲੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਕਰਵਾਇਆ ਗਿਆ। ਜਿਸ ਅੰਦਰ ਵਿਸ਼ੇਸ਼ ਤੌਰ ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸਤਿੰਦਰਪਾਲ ਸਿੰਘ ਜਗਾਧਰੀ ਵਾਲੇ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਜਿੱਥੇ ਸੰਗਤਾਂ ਨੂੰ ਨਿਹਾਲ ਕੀਤਾ, ਉੱਥੇ ਨਾਲ ਹੀ ਸੁਸਾਇਟੀ ਦੇ ਮੁੱਖ ਸੇਵਾਦਾਰ ਸ੍ਰ: ਭੁਪਿੰਦਰ ਸਿੰਘ ਨੇ ਸੰਗਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਤੇ ਜੈਤੋ ਦਾ ਮੋਰਚਾ ਸਿੱਖ ਇਤਿਹਾਸ ਦੀ ਗੌਰਵਸ਼ਾਲੀ ਵਿਰਾਸਤ ਹਨ। ਜੋ ਸਾਨੂੰ ਵਰਤਮਾਨ ਵਿੱਚ ਵੀ ਹਰ ਪ੍ਰਕਾਰ ਦੇ ਸਮਕਾਲੀ ਜ਼ੁਲਮ,ਜ਼ਬਰ ਤੇ ਅਨਿਆਂ ਵਿਰੁੱਧ ਅੜਨ, ਲੜਨ ਤੇ ਹੱਕ ਸੱਚ ਦੀ ਸਥਾਪਤੀ ਲਈ ਤਨਦੇਹੀ ਨਾਲ ਯਤਨਸ਼ੀਲ ਹੋਣ ਵਾਸਤੇ ਪ੍ਰੇਰਨਾ ਬਖਸ਼ਦਾ ਹੈ। ਉਨ੍ਹਾਂ ਨੇ ਸਾਕਾ ਨਨਕਾਣਾ ਸਾਹਿਬ ਤੇ ਜੈਤੋ ਦੇ ਮੋਰਚੇ ਵਿੱਚ ਸ਼ਹੀਦ ਹੋਣ ਵਾਲੇ ਸਮੂਹ ਸਿੰਘਾਂ, ਸਿੰਘਣੀਆਂ ਤੇ ਭੁਜੰਗੀਆਂ ਦੀ ਲਾਸਾਨੀ ਸ਼ਹਾਦਤਾਂ ਨੂੰ ਆਪਣਾ ਸਿੱਜਦਾ ਭੇਟ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਜੋਕੇ ਸਮੇਂ ਦੀ ਨੌਜਵਾਨ ਪੀੜ੍ਹੀ ਤੇ ਬੱਚਿਆਂ ਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਅਤੇ ਗੁਰੂ ਸਾਹਿਬਾਂ ਵੱਲੋਂ ਬਖਸ਼ੇ ਸਿਮਰਨ ਤੇ ਸ਼ਕਤੀ ਦੇ ਸੰਕਲਪ ਦੇ ਨਾਲ ਜੋੜਨ ਲਈ ਵੱਧ ਤੋਂ ਵੱਧ ਉਪਰਾਲੇ ਤੇ ਯਤਨ ਕਰਨੇ ਚਾਹੀਦੇ ਹਨ ਤਾਂ ਹੀ ਸਿੱਖੀ ਦੀ ਫੁੱਲਵਾੜੀ ਹੋਰ ਮਹਿਕ ਸਕੇਗੀ। ਇਸ ਦੌਰਾਨ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸ੍ਰ: ਭੁਪਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸਾਝੇ ਤੌਰ ਤੇ ਗੁਰੂ ਘਰ ਦੇ ਕੀਰਤਨੀਏ ਭਾਈ ਸਤਿੰਦਰਪਾਲ ਸਿੰਘ ਤੇ ਉਨ੍ਹਾਂ ਦੇ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਉ ਭੇਟ ਕੀਤੇ । ਇਸ ਦੌਰਾਨ ਸ੍ਰ: ਭੁਪਿੰਦਰ ਸਿੰਘ ਨੇ ਸੰਗਤਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਅਗਲੇ ਹਫਤਾਵਾਰੀ ਕੀਰਤਨ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਮਨਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦਾ ਕੀਰਤਨੀ ਜੱਥਾ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰੇਗਾ।ਸਮਾਗਮ ਅੰਦਰ ਜਤਿੰਦਰਪਾਲ ਸਿੰਘ ਸਲੂਜਾ, ਕਰਨੈਲ ਸਿੰਘ ਬੇਦੀ, ਮਨਜੀਤ ਸਿੰਘ ਟੋਨੀ, ਪ੍ਰਿਤਪਾਲ ਸਿੰਘ, ਬਲਬੀਰ ਸਿੰਘ ਭਾਟੀਆ, ਭੁਪਿੰਦਰਪਾਲ ਸਿੰਘ ਧਵਨ, ਬਲਜੀਤ ਸਿੰਘ ਦੂਆ(ਨਵਦੀਪ ਰੀਜ਼ੋਰਟ), ਸੁਰਿੰਦਰਪਾਲ ਸਿੰਘ ਭੁਟੀਆਨੀ, ਰਣਜੀਤ ਸਿੰਘ ਖਾਲਸਾ, ਰਜਿੰਦਰ ਸਿੰਘ ਮੱਕੜ, ਬਲਜੀਤ ਸਿੰਘ ਦੂਆ (ਨਵਦੀਪ ਰੀਜ਼ੋਰਟ), ਮਹਿੰਦਰ ਸਿੰਘ ਡੰਗ, ਅੱਤਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਹਰਮੀਤ ਸਿੰਘ ਡੰਗ ,ਜੀਤ ਸਿੰਘ, ਗੁਰਵਿੰਦਰ ਸਿੰਘ ਆੜਤੀ, ਅਵਤਾਰ ਸਿੰਘ ਮਿੱਢਾ, ਸੁਰਿੰਦਰ ਸਿੰਘ ਸਚਦੇਵਾ, ਇੰਦਰਪਾਲ ਸਿੰਘ ਕਾਲੜਾ, ਕਮਲਦੀਪ ਸਿੰਘ ਕਾਲੜਾ, ਹਰਕੀਰਤ ਸਿੰਘ ਬਾਵਾ, ਮਨਮੋਹਨ ਸਿੰਘ, ਗੁਰਪ੍ਰੀਤ ਸਿੰਘ ਪ੍ਰਿੰਸ, ਸੁਖਪ੍ਰੀਤ ਸਿੰਘ ਮਨੀ, ਬਾਦਸ਼ਾਹਦੀਪ ਸਿੰਘ, ਕਰਨਦੀਪ ਸਿੰਘ, ਬਲ ਫਤਹਿ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL
ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।
ਫਤਿਹ ਟਾਈਮਜ਼ ਚੈਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99885-37575